29-OCT-PAGE-1.qxd 10/28/2023 8:39 PM Page 1

ਐਤਵਾਰ, 29 ਅਕਤੂਬਰ, 2023
13 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 149

ਨਵਾਂ ਜ਼ਮਾਨਾ

DAILY NAWAN ZAMANA • SUNDAY, 29 OCTOBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਗਾਜ਼ਾ 'ਚ ਸ਼ਾਂਤੀ ਦੇ ਹੱਕ 'ਚ ਨਹੀਂ ਅਮਰੀਕਾ

ਯੂ ਐੱਨ ਵੱਲੋਂ ਗਾਜ਼ਾ 'ਚ ਜੰਗਬੰਦੀ ਦੀ ਅਪੀਲ, ਭਾਰਤ ਦਾ ਵੋਟਿੰਗ ਤੋਂ ਪਰਹੇਜ਼

ਨਵੀਂ ਦਿੱਲੀ : ਗਾਜ਼ਾ 'ਚ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗਬੰਦੀ ਦਾ ਪ੍ਰਸਤਾਵ ਸੰਯੁਕਤ ਰਾਸ਼ਟਰ ਮਹਾਂ ਸਭਾ 'ਚ ਪਾਸ ਹੋ ਗਿਆ। ਇਸ ਪ੍ਰਸਤਾਵ ਦੇ ਹੱਕ 'ਚ 120 ਦੇਸ਼ਾਂ ਨੇ ਵੋਟਿੰਗ ਕੀਤੀ। ਉਥੇ ਹੀ ਇਸ ਦੇ ਵਿਰੋਧ 'ਚ 14 ਦੇਸ਼ਾਂ ਨੇ ਵੋਟਿੰਗ ਕੀਤੀ। ਇਸ ਦੌਰਾਨ ਭਾਰਤ-ਬ੍ਰਿਟੇਨ ਸਮੇਤ 45 ਦੇਸ਼ਾਂ ਨੇ ਵੋਟਿੰਗ 'ਚ ਹਿੱਸਾ ਨਹੀਂ ਲਿਆ। ਜ਼ਿਕਰਯੋਗ ਹੈ ਕਿ ਇਹ ਪ੍ਰਸਤਾਵ ਜਾਰਡਨ ਵੱਲੋਂ ਪੇਸ਼ ਕੀਤਾ ਗਿਆ ਸੀ। ਇਸ ਵੋਟਿੰਗ 'ਚ ਅਮਰੀਕਾ ਸਮੇਤ 14 ਦੇਸ਼ਾਂ ਨੇ ਪ੍ਰਸਤਾਵ ਦੇ ਖਿਲਾਫ਼ ਵੋਟਿੰਗ ਕੀਤੀ। ਇਸ ਪ੍ਰਸਤਾਵ 'ਚ ਗਾਜ਼ਾ 'ਚ ਯੁੱਧ ਰੋਕਣ ਦੇ ਨਾਲ ਸਹਾਇਤਾ ਪਹੁੰਚਾਉਣ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਕਾਇਮ ਰੱਖਣ ਦਾ ਸੱਦਾ ਦਿੱਤਾ ਗਿਆ। ਵੋਟਿੰਗ 'ਚ ਇਜ਼ਰਾਈਲ ਦਾ ਸਮਰਥਨ ਕਰਨ ਵਾਲੇ ਦੇਸ਼ਾਂ ਨੇ ਇਸ 'ਚ ਹਿੱਸਾ ਨਹੀਂ ਲਿਆ।

● ਬਾਕੀ ਸਫ਼ਾ 2 'ਤੇ

ਨੇਤਨਯਾਹੂ ਪਾਗਲਪਨ ਰੋਕੇ : ਏਰਦੋਗਨ

-ਤੁਰਕੀ ਦੇ ਰਾਸ਼ਟਰਪਤੀ ਜਰਬ ਤੈਯਬ ਏਰਦੋਗਨ ਨੇ ਇਜ਼ਰਾਈਲ-ਹਮਾਸ ਵਿਚਾਲੇ ਜਾਰੀ ਯੁੱਧ ਨੂੰ ਲੈ ਕੇ ਸ਼ਨੀਵਾਰ ਇਜ਼ਰਾਈਲ ਵੱਲੋਂ ਕੀਤੀ ਜਾ ਰਹੀ ਕਾਰਵਾਈ ਨੂੰ ਪਾਗਲਪਨ ਦੱਸਿਆ। ਨਾਲ ਹੀ ਉਨ੍ਹਾ ਗਾਜ਼ਾ 'ਤੇ ਹੋ ਰਹੇ ਹਮਲਿਆਂ ਨੂੰ ਬੰਦ ਕਰਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਇਜ਼ਰਾਈਲ ਅਤੇ ਹਮਾਸ 'ਚ ਜਾਰੀ ਯੁੱਧ ਨੂੰ ਤਿੰਨ ਹਫ਼ਤੇ ਤੋਂ ਵੱਧ ਸਮਾਂ ਹੋ ਚੁੱਕਾ ਹੈ। ਹਾਲ ਦੇ ਦਿਨਾਂ 'ਚ ਇਜ਼ਰਾਈਲੀ ਫੌਜ ਨੇ ਫਲਸਤੀਨੀ ਖੇਤਰ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਤੁਰਕੀ ਦੇ ਰਾਸ਼ਟਰਪਤੀ ਨੇ ਟਵਿਟਰ 'ਤੇ ਲਿਖਿਆ, 'ਗਾਜ਼ਾ 'ਤੇ ਇਜ਼ਰਾਈਲੀ ਬੰਬਾਰੀ ਕੱਲ੍ਹ ਰਾਤ ਤੋਂ ਤੇਜ਼ ਹੋ ਗਈ ਅਤੇ ਇੱਕ ਵਾਰ ਫਿਰ ਔਰਤਾਂ, ਬੱਚਿਆਂ ਅਤੇ ਨਿਰਦੋਸ਼ ਨਾਗਰਿਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।' ਏਰਦੋਗਨ ਨੇ ਆਪਣੀ ਪੋਸਟ 'ਚ ਕਿਹਾ—ਇਜ਼ਰਾਈਲ ਨੂੰ ਤੁਰੰਤ ਇਸ ਪਾਗਲਪਨ ਨੂੰ ਰੋਕਣਾ ਚਾਹੀਦਾ ਅਤੇ ਆਪਣੇ ਹਮਲਿਆਂ ਨੂੰ ਬੰਦ ਕਰਨਾ ਚਾਹੀਦਾ ਹੈ।'

ਇਸ ਤੋਂ ਪਹਿਲਾਂ ਏਰਦੋਗਨ ਨੇ ਕਿਹਾ ਸੀ ਕਿ ਹਮਾਸ ਕੋਈ ਅੱਤਵਾਦੀ ਸੰਗਠਨ ਨਹੀ, ਬਲਕਿ ਇੱਕ ਮੁਕਤੀ ਸੰਗਠਨ ਹੈ, ਜੋ ਆਪਣੀ ਜ਼ਮੀਨ ਦੀ ਰੱਖਿਆ ਲਈ ਸੰਘਰਸ਼ ਕਰ ਰਿਹਾ ਹੈ। ਇਸ ਦੌਰਾਨ ਵੀ ਏਰਦੋਗਨ ਨੇ ਯੁੱਧ ਰੋਕਣ ਲਈ ਕਿਹਾ ਸੀ। ਗਾਜ਼ਾ 'ਚ ਸਿਹਤ ਮੰਤਰਾਲੇ ਅਨੁਸਾਰ ਇਜ਼ਰਾਈਲੀ ਹਮਲਿਆਂ 'ਚ 7300 ਤੋਂ ਵੱਧ ਲੋਕ ਮਾਰੇ ਗਏ ਹਨ, ਜਿਨ੍ਹਾਂ 'ਚ ਲਗਭਗ 3000 ਬੱਚੇ ਵੀ ਸ਼ਾਮਲ ਹਨ।

ਹਮਾਸ ਏਅਰ ਫੋਰਸ ਚੀਫ਼ ਦੀ ਮੌਤ

ਤੇਲ ਅਵੀਵ : ਇਜ਼ਰਾਈਲ-ਹਮਾਸ ਯੁੱਧ ਦੇ 22ਵੇਂ ਦਿਨ ਇਜ਼ਰਾਈਲੀ ਸੁਰੱਖਿਆ ਬਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਹਮਾਸ ਏਅਰ ਫੋਰਸ ਦੇ ਚੀਫ਼ ਅਬੂ ਰਕਾਬਾ ਨੂੰ ਮਾਰ ਦਿੱਤਾ ਹੈ।

ਅਬੂ ਰਕਾਬਾ ਹਮਾਸ ਦੇ ਯੂ ਏ ਵੀ, ਡਰੋਨ ਪੈਰਾ ਗਲਾਈਡਰ ਲਈ ਜ਼ਿੰਮੇਵਾਰ ਸੀ। ਉਸ ਨੇ 7 ਅਕਤੂਬਰ ਨੂੰ ਹਮਲੇ 'ਚ ਹਿੱਸਾ ਲਿਆ ਅਤੇ ਕਮਾਨ ਸੰਭਾਲੀ ਅਤੇ ਆਈ ਡੀ ਐੱਫ ਚੌਕੀਆਂ 'ਤੇ ਡਰੋਨ ਹਮਲਿਆਂ ਲਈ ਜ਼ਿੰਮੇਵਾਰ ਸੀ। ਉਥੇ ਹੀ ਇਜ਼ਰਾਈਲ ਦੇ ਮਿਲਟਰੀ ਪੋਸਟਸ 'ਤੇ ਡਰੋਨ ਹਮਲੇ ਦਾ ਵੀ ਸਾਜ਼ਿਸ਼ਘਾੜਾ ਰਿਹਾ। ਇਜ਼ਰਾਈਲੀ ਫੌਜ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ 'ਚ ਕਿਹਾ ਕਿ ਅਬੂ ਰਕਾਬਾ ਹਮਾਸ ਵੱਲੋਂ ਇਜ਼ਰਾਈਲ 'ਤੇ ਸੱਤ ਅਕਤੂਬਰ ਨੂੰ ਹਮਲੇ ਦੀ ਸਾਜਿਸ਼ ਰਚਣ ਲਈ ਵੀ ਜ਼ਿੰਮੇਵਾਰ ਸੀ।

ਭਾਰਤ ਦੀ ਗੈਰ-ਹਾਜ਼ਰੀ ਨਿੰਦਣਯੋਗ : ਸੀ ਪੀ ਆਈ/ਸੀ ਪੀ ਐੱਮ

ਲੁਧਿਆਣਾ (ਐੱਮ ਐੱਸ ਭਾਟੀਆ)

ਨਵੀਂ ਦਿੱਲੀ ਤੋਂ ਜਾਰੀ ਸਾਂਝੇ ਬਿਆਨ ਵਿੱਚ ਸੀ ਪੀ ਆਈ ਦੇ ਜਨਰਲ ਸਕੱਤਰ ਡੀ ਰਾਜਾ ਅਤੇ ਸੀ ਪੀ ਐੱਮ ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਕਿਹਾ ਹੈ ਕਿ ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਭਾਰਤ ਗਾਜ਼ਾ ਵਿੱਚ ਚੱਲ ਰਹੇ ਇਜ਼ਰਾਈਲੀ ਹਮਲੇ ਵਿੱਚ 'ਨਾਗਰਿਕਾਂ ਦੀ ਸੁਰੱਖਿਆ ਅਤੇ ਕਾਨੂੰਨੀ ਅਤੇ ਮਾਨਵਤਾਵਾਦੀ ਜ਼ਿੰਮੇਵਾਰੀਆਂ ਨੂੰ ਬਰਕਰਾਰ ਰੱਖਣਾ' ਸਿਰਲੇਖ ਵਾਲੇ ਇੱਕ ਮਾਨਵਤਾਵਾਦੀ ਯੁੱਧ ਦੀ ਮੰਗ ਕਰਨ ਵਾਲੇ ਸੰਯੁਕਤ ਰਾਸ਼ਟਰ ਮਹਾਂ ਸਭਾ ਦੁਆਰਾ ਭਾਰੀ ਰੂਪ ਵਿੱਚ ਅਪਣਾਏ ਗਏ ਮਤੇ ਤੋਂ ਦੂਰ ਰਿਹਾ। ਇੱਕ ਮਤੇ 'ਤੇ ਭਾਰਤ ਦੀ ਗੈਰ-ਹਾਜ਼ਰੀ, ਜਿਸ ਨੂੰ ਭਾਰੀ ਰੂਪ ਵਿੱਚ ਅਪਣਾਇਆ ਗਿਆ ਸੀ, ਇਹ ਦਰਸਾਉਂਦਾ ਹੈ ਕਿ ਅਮਰੀਕੀ ਸਾਮਰਾਜਵਾਦ ਦੇ ਅਧੀਨ ਸਹਿਯੋਗੀ ਬਣ ਕੇ ਅਤੇ

● ਬਾਕੀ ਸਫ਼ਾ 2 'ਤੇ

ਵੋਟਿੰਗ 'ਚ ਭਾਰਤ ਦਾ ਗੈਰ-ਹਾਜ਼ਰ ਰਹਿਣਾ ਸ਼ਰਮਨਾਕ : ਪ੍ਰਿਅੰਕਾ

ਨਵੀਂ ਦਿੱਲੀ : ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਸ਼ਨੀਵਾਰ ਕਿਹਾ ਕਿ ਉਹ ਹੈਰਾਨ ਅਤੇ ਸ਼ਰਮਿੰਦਾ ਹੈ ਕਿ ਭਾਰਤ ਨੇ ਸੰਯੁਕਤ ਰਾਸ਼ਟਰ ਮਹਾਂ ਸਭਾ 'ਚ ਗਾਜ਼ਾ ਵਿੱਚ ਜੰਗਬੰਦੀ ਦੀ ਮੰਗ ਕਰਨ ਵਾਲੇ ਮਤੇ 'ਤੇ ਵੋਟਿੰਗ 'ਚ ਹਿੱਸਾ ਨਹੀਂ ਲਿਆ। ਸੰਯੁਕਤ ਰਾਸ਼ਟਰ 'ਚ ਇਜ਼ਰਾਈਲ-ਹਮਾਸ ਯੁੱਧ 'ਤੇ ਇੱਕ ਪ੍ਰਸਤਾਵ ਪਾਸ ਹੋ ਗਿਆ, ਜੋ ਕਿ ਬਹੁਮਤ ਨਾਲ ਪਾਸ ਹੋਇਆ। ਇਸ 'ਤੇ ਭਾਰਤ ਦੇ ਰੁਖ 'ਤੇ ਕਾਂਗਰਸ ਪਾਰਟੀ ਦੀ ਰਾਸ਼ਟਰੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਇਸ ਨੂੰ ਸ਼ਰਮਨਾਕ ਦੱਸਿਆ। ਪ੍ਰਿਅੰਕਾ ਨੇ ਕਿਹਾ ਕਿ ਭਾਰਤ ਦਾ ਯੂ ਐੱਨ ਜੀ ਏ 'ਚ ਵੋਟਿੰਗ ਤੋਂ ਦੂਰ ਰਹਿਣਾ ਇੱਕ ਰਾਸ਼ਟਰ ਦੇ ਰੂਪ 'ਚ ਸਾਡੇ ਦੇਸ਼ ਦੇ ਜੀਵਨ ਭਰ ਤੋਂ ਚਲੀ ਆ ਰਹੀ ਹਰ ਚੀਜ਼ ਦੇ ਖਿਲਾਫ਼ ਹੈ। ਉਨ੍ਹਾ ਕਿਹਾ ਕਿ ਇੱਕ ਸਟੈਂਡ ਲੈਣ ਤੋਂ ਇਨਕਾਰ ਕਰਨਾ ਅਤੇ ਚੁੱਪਚਾਪ ਦੇਖਣਾ, ਕਿਉਂਕਿ ਮਾਨਵਤਾ ਦਾ ਹਰ ਕਾਨੂੰਨ ਖ਼ਤਮ ਕਰ ਦਿੱਤਾ ਗਿਆ ਹੈ।

● ਬਾਕੀ ਸਫ਼ਾ 2 'ਤੇ

ਸਮੁੰਦਰ, ਜ਼ਮੀਨ ਤੇ ਹਵਾਈ ਤਿੰਨੇ ਪਾਸਿਓਂ ਹਮਲੇ

ਤੇਲ ਅਵੀਵ : ਇਜ਼ਰਾਈਲ ਨੇ ਗਾਜ਼ਾ 'ਚ ਸ਼ਨੀਵਾਰ ਬੰਬਾਰੀ ਤੇਜ਼ ਕਰ ਦਿੱਤੀ। ਠੀਕ ਇਸੇ ਸਮੇਂ ਗਾਜ਼ਾ 'ਚ ਇੰਟਰਨੈੱਟ ਅਤੇ ਫੋਨ ਲਾਈਨਾਂ ਵੀ ਠੱਪ ਕਰ ਦਿੱਤੀਆਂ ਗਈਆਂ, ਜਿਸ ਨਾਲ ਉਥੇ ਮੌਜੂਦ ਲੋਕਾਂ ਦਾ ਸੰਪਰਕ ਪੂਰੀ ਦੁਨੀਆ ਨਾਲੋਂ ਟੁੱਟ ਗਿਆ ਹੈ। ਇਜ਼ਰਾਈਲ ਨੇ ਪੁਸ਼ਟੀ ਕੀਤੀ ਹੈ ਕਿ ਉਸ ਦੀ ਫੌਜ ਗਾਜ਼ਾ 'ਚ ਜ਼ਮੀਨੀ ਹਮਲੇ ਵਧਾ ਰਹੀ ਹੈ।

ਇਸ ਦੌਰਾਨ ਇੰਟਰਨੈੱਟ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਨੈੱਟਬਲਾਕਸ ਨੇ ਸੋਸ਼ਲ ਮੀਡੀਆ 'ਤੇ ਜਾਣਕਾਰੀ ਦਿੱਤੀ ਕਿ ਗਾਜ਼ਾ 'ਚ ਇੰਟਰਨੈੱਟ ਕੁਨੈਕਟੀਵਿਟੀ ਕੱਟ ਦਿੱਤੀ ਗਈ ਹੈ। ਰਾਹਤ ਦੇ ਕੰਮਾਂ 'ਚ ਲੱਗੀ ਫਲਸਤੀਨ ਰੈੱਡ ਕਰਾਸ ਦਾ ਕਹਿਣਾ ਹੈ ਕਿ ਉਹ ਗਾਜ਼ਾ 'ਚ ਮੌਜੂਦ ਆਪਣੀ ਟੀਮ ਦੇ ਦੂਜੇ ਲੋਕਾਂ ਨਾਲ ਸੰਪਰਕ ਨਹੀਂ ਕਰ ਪਾ ਰਹੀ। ਸੋਸ਼ਲ ਮੀਡੀਆ 'ਤੇ ਸੰਸਥਾ ਨੇ ਲਿਖਿਆ, 'ਅਸੀਂ ਐਮਰਜੈਂਸੀ ਇਲਾਜ ਦੇਣਾ ਜਾਰੀ ਰੱਖਣ ਵਾਲੀਆਂ ਆਪਣੀਆਂ ਟੀਮਾਂ ਲਈ ਚਿੰਤਤ ਹਾਂ।

ਮਹੂਆ ਮੋਇਤਰਾ ਦਾ ਕਬੂਲਨਾਮਾ

ਨਵੀਂ ਦਿੱਲੀ : ਤ੍ਰਿਣਮੂਲ ਕਾਂਗਰਸ ਦੀ ਸਾਂਸਦ ਮਹੂਆ ਮੋਇਤਰਾ ਨੇ ਸਵੀਕਾਰ ਕੀਤਾ ਕਿ ਉਸ ਨੇ ਆਪਣੇ ਮਿੱਤਰ ਅਤੇ ਕਾਰੋਬਾਰੀ ਦਰਸ਼ਨ ਹੀਰਾਨੰਦਾਨੀ ਨੂੰ ਆਪਣਾ ਲਾਗਇਨ ਅਤੇ ਪਾਸਵਾਰਡ ਦੀ ਡਿਟੇਲ ਦਿੱਤੀ ਸੀ। 'ਦਿ ਇੰਡੀਅਨ ਐੱਕਸਪ੍ਰੈੱਸ' ਨੂੰ ਦਿੱਤੇ ਇੱਕ ਇੰਟਰਵਿਊ 'ਚ ਮਹੂਆ ਨੇ ਸਾਫ਼ ਕੀਤਾ ਕਿ ਉਸ ਨੇ ਹੀਰਾਨੰਦਾਨੀ ਤੋਂ ਕਿਸੇ ਤਰ੍ਹਾਂ ਦੀ ਕੋਈ ਨਗਦੀ ਨਹੀਂ ਲਈ, ਜਿਸ ਤਰ੍ਹਾਂ ਕਿ ਸੁਪਰੀਮ ਕੋਰਟ ਦੇ ਵਕੀਲ ਜੈ ਅਨੰਤ ਦੇਹਾਦ੍ਰਾਈ ਨੇ ਕੇਂਦਰੀ ਜਾਂਚ ਬਿਊਰੋ ਨੂੰ ਆਪਣੀ ਸ਼ਿਕਾਇਤ 'ਚ ਦੋਸ਼ ਲਾਏ ਸਨ। ਮਹੂਆ ਮੋਇਤਰਾ ਨੇ ਆਪਣੇ 'ਤੇ ਲੱਗੇ ਸਾਰੇ ਦੋਸ਼ਾਂ ਨੂੰ ਖਾਰਜ ਕੀਤਾ। ਉਸ ਨੇ ਕਿਹਾ ਕਿ ਦੋਸ਼ ਤਾਂ ਕੋਈ ਵੀ ਲਾ ਸਕਦਾ ਹੈ, ਪਰ ਉਸ ਨੂੰ ਸਾਬਤ ਕਰਨ ਦੀ ਜ਼ਿੰਮੇਵਾਰੀ ਹਮੇਸ਼ਾ ਸ਼ਿਕਾਇਤਕਰਤਾ ਦੀ ਹੁੰਦੀ ਹੈ। ਉਨ੍ਹਾ ਕਿਹਾ ਕਿ ਕਾਰੋਬਾਰੀ ਦਰਸ਼ਨ ਹੀਰਾਨੰਦਾਨੀ ਨੂੰ ਆਪਣਾ ਸੰਸਦ ਲਾਗਇਨ ਅਤੇ ਪਾਸਵਰਡ ਦਿੱਤਾ ਸੀ, ਕਿਉਂਕਿ ਇਸ ਤਰ੍ਹਾਂ ਦਾ ਕੋਈ ਨਿਯਮ ਨਹੀਂ ਕਿ ਕਿਸ ਦੇ ਕੋਲ ਲਾਗਇਨ ਹੋ ਸਕਦਾ ਹੈ, ਕੌਣ ਕਰ ਸਕਦਾ ਹੈ ਅਤੇ ਕੌਣ ਨਹੀਂ। ਉਸ ਨੇ ਕਿਹਾ ਕਿ ਕੋਈ ਵੀ ਸਾਂਸਦ ਖੁਦ ਸਵਾਲ ਨਹੀਂ ਪੁੱਛਦਾ। ਲਾਗਇਨ ਅਤੇ ਪਾਸਵਰਡ ਉਸ ਦੀ ਟੀਮ ਕੋਲ ਰਹਿੰਦੇ ਹਨ। ਉਨ੍ਹਾ ਕਿਹਾ ਕਿ ਇੱਕ ਓ ਟੀ ਪੀ ਆਉਂਦਾ ਹੈ, ਜੋ ਕੇਵਲ ਮੇਰੇ ਫੋਨ 'ਤੇ ਆਉਂਦਾ ਹੈ। ਇਹ ਦਰਸ਼ਨ ਦੇ ਫੋਨ 'ਤੇ ਨਹੀਂ ਜਾਂਦਾ।

ਮਹੂਆ ਨੇ ਕਿਹਾ—ਉਨ੍ਹਾਂ ਧਮਕਾਉਣ ਲਈ ਗਲਤ ਵਿਅਕਤੀ ਨੂੰ ਚੁਣਿਆ ਹੈ। ਉਨ੍ਹਾ ਸੱਚ 'ਚ ਇਸ ਤਰ੍ਹਾਂ ਕੀਤਾ ਹੈ। ਮੈਂ ਇੱਥੇ ਬੈਠਣ ਲਈ ਆਪਣੇ ਜੀਵਨ 'ਚ ਸਭ ਕੁਝ ਛੱਡ ਦਿੱਤਾ ਹੈ। ਮੈਂ ਸੱਚ ਲਈ ਲੜਨਾ ਜਾਰੀ ਰੱਖਾਂਗੀ ਅਤੇ ਤੁਸੀਂ ਦੇਖੋਗੇ ਕਿ 2024 'ਚ ਕੀ ਹੁੰਦਾ ਹੈ।

ਮਹਿੰਗੇ ਤੋਹਫੇ ਮਿਲਣ ਦੇ ਦੋਸ਼ਾਂ 'ਤੇ ਮਹੂਆ ਨੇ ਕਿਹਾ, 'ਮੇਰੀ ਜਾਣਕਾਰੀ ਅਨੁਸਾਰ ਦਰਸ਼ਨ ਹੀਰਾਨੰਦਾਨੀ ਨੇ ਮੈਨੂੰ ਮੇਰੇ ਜਨਮ ਦਿਨ 'ਤੇ ਇੱਕ ਹਰਮੀਸ ਸਕਾਰਫ਼ ਦਿੱਤਾ। ਮੋਇਤਰਾ ਨੇ ਇਹ ਵੀ ਕਿਹਾ ਕਿ ਜਦ ਵੀ ਮੈਂ ਮੁੰਬਈ ਜਾਂ ਦੁਬਈ 'ਚ ਹੁੰਦੀ ਸੀ, ਦਰਸ਼ਨ ਦੀ ਕਾਰ ਮੈਨੂੰ ਹਵਾਈ ਅੱਡੇ ਤੋਂ ਪਿਕਅੱਪ ਕਰਦੀ ਅਤੇ ਛੱਡਦੀ ਸੀ। ਮੈਂ ਤੁਹਾਨੂੰ ਬਿਲਕੁੱਲ ਸੱਚ ਦੱਸ ਰਹੀ ਹਾਂ ਅਤੇ ਕੀ ਦਰਸ਼ਨ ਇਸ ਤੋਂ ਜ਼ਿਆਦਾ ਕੁਝ ਸਾਬਤ ਕਰ ਸਕਦੇ ਹਨ। ਮੈਂ ਉਸ ਤੋਂ ਕਦੀ ਕੋਈ ਨਗਦੀ ਜਾਂ ਕੁਝ ਹੋਰ ਨਹੀਂ ਲਿਆ। ਮੈਂ ਆਪਣੀ ਇਮਾਨਦਾਰੀ 'ਤੇ ਵਿਸ਼ਵਾਸ ਕਰਦੀ ਹਾਂ।'

ਲੋਕ ਸਭਾ ਕਮੇਟੀ ਨੇ 2 ਨੂੰ ਬੁਲਾਇਆ

ਨਵੀਂ ਦਿੱਲੀ : ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੀ ਸਾਂਸਦ ਮਹੂਆ ਮੋਇਤਰਾ 'ਤੇ ਲੱਗੇ ਦੋਸ਼ਾਂ ਦੀ ਜਾਂਚ ਕਰ ਰਹੀ ਲੋਕ ਸਭਾ ਕਮੇਟੀ ਨੇ ਟੀ ਐੱਮ ਸੀ ਸਾਂਸਦ ਦੇ ਕਹਿਣ 'ਤੇ ਹੁਣ ਉਨ੍ਹਾ ਨੂੰ 31 ਅਕਤੂਬਰ ਦੀ ਬਜਾਏ 2 ਨਵੰਬਰ ਨੂੰ ਸਵੇਰੇ 11 ਵਜੇ ਕਮੇਟੀ ਦੇ ਸਾਹਮਣੇ ਪੇਸ਼ ਹੋ ਕੇ ਆਪਣੇ ਬਚਾਅ 'ਚ ਤੱਥ ਰੱਖਣ ਲਈ ਕਿਹਾ ਗਿਆ ਹੈ।

ਅਸਲੇ ਸਮੇਤ ਬੱਬਰ ਖਾਲਸਾ ਇੰਟਰਨੈਸ਼ਨਲ ਦੇ 4 ਕਾਰਕੁਨ ਕਾਬੂ

ਚੰਡੀਗੜ੍ਹ : ਪੰਜਾਬ ਪੁਲਸ ਨੇ ਸ਼ਨੀਵਾਰ ਕਿਹਾ ਕਿ ਉਸ ਨੇ ਪਾਬੰਦੀਸ਼ੁਦਾ ਖਾਲਿਸਤਾਨੀ ਸਮਰਥਕ ਸਮੂਹ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਚਾਰ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਅੱਤਵਾਦੀ ਤਿਉਹਾਰਾਂ ਦੇ ਦਿਨਾਂ 'ਚ ਟਾਰਗੇਟ ਕਿਲਿੰਗ ਨੂੰ ਅੰਜਾਮ ਦੇ ਕੇ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਯੋਜਨਾ ਬਣਾ ਰਹੇ ਸਨ। ਇਨ੍ਹਾਂ ਕੋਲੋਂ ਭਾਰੀ ਮਾਤਰਾ 'ਚ ਹਥਿਆਰ ਬਰਾਮਦ ਹੋਏ ਹਨ। ਡੀ ਜੀ ਪੀ ਪੰਜਾਬ ਗੌਰਵ ਯਾਦਵ ਵੱਲੋਂ ਸਾਂਝੀ ਕੀਤੀ ਜਾਣਕਾਰੀ ਅਨੁਸਾਰ ਐੱਸ ਏ ਐੱਸ ਨਗਰ ਪੁਲਸ ਦੇ ਸੀ ਆਈ ਏ ਵਿੰਗ ਨੇ ਇੱਕ ਅੱਤਵਾਦੀ ਮਡਿਊਲ ਦਾ ਪਰਦਾ ਫਾਸ਼ ਕੀਤਾ ਹੈ। ਸੰਗਠਨ ਦੇ ਮੈਂਬਰਾਂ ਦੇ ਪਾਕਿਸਤਾਨ 'ਚ ਬੈਠੇ ਅੱਤਵਾਦੀਆਂ ਨਾਲ ਸੰਬੰਧ ਹਨ। ਇਹ ਅੱਤਵਾਦੀ ਸੰਗਠਨ ਬੀ ਕੇ ਆਈ ਨਾਲ ਮਿਲ ਕੇ ਪਾਕਿਸਤਾਨ ਤੋਂ ਹਥਿਆਰਾਂ ਦੀ ਤਸਕਰੀ ਕਰ ਰਹੇ ਸਨ। ਡਰੋਨ ਦੀ ਮਦਦ ਨਾਲ ਇਹ ਪਾਕਿਸਤਾਨ ਤੋਂ ਹਥਿਆਰ ਮੰਗਵਾ ਕੇ ਪੰਜਾਬ 'ਚ ਸਪਲਾਈ ਕਰਨ ਦਾ ਕੰਮ ਵੀ ਕਰ ਰਹੇ ਸਨ। ਮੁਲਜ਼ਮਾਂ ਕੋਲੋਂ 6 ਪਿਸਤੌਲ ਬਰਾਮਦ ਕੀਤੇ ਹਨ, ਜੋ ਕਿ ਵਿਦੇਸ਼ੀ ਹਨ। ਇਨ੍ਹਾਂ ਕੋਲੋਂ 275 ਜ਼ਿੰਦਾ ਕਾਰਤੂਸ ਵੀ ਬਰਾਮਦ ਹੋਏ ਹਨ। ਮੁਲਜ਼ਮਾਂ ਤੋਂ ਪੁੱਛ-ਗਿੱਛ ਜਾਰੀ ਹੈ, ਤਾਂ ਜੋ ਇਹ ਜਾਣਕਾਰੀ ਹਾਸਲ ਕੀਤੀ ਜਾ ਸਕੇ ਕਿ ਇਹ ਹਥਿਆਰ ਕਿੱਥੇ ਵਰਤੇ ਜਾਣੇ ਸਨ ਅਤੇ ਕਿਸ ਨੂੰ ਪਹੁੰਚਾਏ ਜਾਣੇ ਸਨ।

ਸੜਕ ਹਾਦਸੇ 'ਚ 32 ਦੀ ਮੌਤ

ਕਾਹਿਰਾ : ਮਿਸਰ ਦੀ ਰਾਜਧਾਨੀ ਕਾਹਿਰਾ ਤੋਂ 32 ਕਿਲੋਮੀਟਰ ਦੂਰ ਬਹੇਰਾ ਇਲਾਕੇ 'ਚ ਇੱਕ ਤੋਂ ਬਾਅਦ ਇੱਕ ਕਈ ਗੱਡੀਆਂ ਟਕਰਾਅ ਗਈਆਂ। ਹਾਦਸੇ 'ਚ 32 ਲੋਕਾਂ ਦੀ ਮੌਤ ਹੋ ਗਈ ਤੇ 60 ਜ਼ਖ਼ਮੀ ਹੋ ਗਏ। ਮੌਤਾਂ ਦਾ ਅੰਕੜਾ ਵਧ ਸਕਦਾ ਹੈ। ਖ਼ਬਰਾਂ ਮੁਤਾਬਕ ਇੱਕ ਕਾਰ 'ਚੋਂ ਪੈਟਰੋਲ ਲੀਕ ਹੋਣ ਤੋਂ ਬਾਅਦ ਗੱਡੀਆਂ ਟਕਰਾਅ ਗਈਆਂ। ਇਸ ਕਾਰਨ ਕਾਰਾਂ ਨੂੰ ਅੱਗ ਲੱਗ ਗਈ।

ਸੂਰਤ 'ਚੋਂ ਅਲਕਾਇਦਾ ਅੱਤਵਾਦੀ ਗ੍ਰਿਫ਼ਤਾਰ

ਅਲਾਹਾਬਾਦ : ਗੁਜਰਾਤ ਦੀ ਸੂਰਤ ਕ੍ਰਾਈਮ ਬ੍ਰਾਂਚ ਨੇ ਅੱਤਵਾਦੀ ਸੰਗਠਨ

29-OCT-PAGE-1.qxd 10/28/2023 8:39 PM Page 2

ਭਾਰਤ ਵਿਕਾਸ ਪ੍ਰੀਸ਼ਦ ਵੱਲੋਂ 'ਭਾਰਤ ਕੋ ਜਾਨੋ' ਕੰਪੀਟੀਸ਼ਨ

ਜਲਾਲਾਬਾਦ (ਜੀਤ ਕੁਮਾਰ)-ਸਮਾਜ ਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਵੱਲੋਂ ਜ਼ਿਲ੍ਹਾ ਪ੍ਰਧਾਨ ਦਵਿੰਦਰ ਕੁੱਕੜ ਤੇ ਬਰਾਂਚ ਪ੍ਰਧਾਨ ਪ੍ਰਵੇਸ਼ ਖੰਨਾ ਦੀ ਅਗਵਾਈ 'ਚ ਭਾਰਤ ਕੋ ਜਾਨੋ ਕੰਪੀਟੀਸ਼ਨ ਕਰਵਾਇਆ ਗਿਆ, ਜਿਸ ਵਿੱਚ 15 ਸਕੂਲਾਂ ਦੇ ਕਰੀਬ 1200 ਬੱਚਿਆਂ ਨੇ ਹਿੱਸਾ ਲਿਆ। ਬਰਾਂਚ ਪ੍ਰਧਾਨ ਪ੍ਰਵੇਸ਼ ਖੰਨਾ ਤੇ ਸਕੱਤਰ ਰੋਸ਼ਨ ਲਾਲ ਅਸੀਜਾ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਇਹ ਕੰਪੀਟੀਸ਼ਨ ਹਰੇਕ ਸਾਲ ਕਰਵਾਇਆ ਜਾਂਦਾ ਹੈ। ਭਾਰਤ ਕੋ ਜਾਨੋ ਦੇ ਪ੍ਰੋਜੈਕਟ ਇੰਚਾਰਜ ਰਾਜੇਸ਼ ਪਰੂਥੀ ਨੇ ਦੱਸਿਆ ਕਿ ਇਸ ਤੋਂ ਬਾਅਦ ਇਹ ਕੰਪੀਟੀਸ਼ਨ ਬਰਾਂਚ ਲੈਵਲ ਦਾ 29 ਅਕਤੂਬਰ 2023 ਨੂੰ ਸਵੇਰੇ 9.30 ਵਜੇ ਸਰਸਵਤੀ ਕਾਲਜ ਵਿਖੇ ਹੋਵੇਗਾ, ਜਿਸ 'ਚ 60 ਬੱਚੇ ਹਿੱਸਾ ਲੈਣਗੇ। ਇਸ ਭਾਰਤ ਕੋ ਜਾਨੋ ਕੰਪੀਟੀਸ਼ਨ 'ਚ ਖਜ਼ਾਨਚੀ ਰਮੇਸ਼ ਸਿਡਾਨਾ, ਅਸ਼ੋਕ ਦੂਮੜਾ, ਵਿਜੇ ਖੰਨਾ, ਮਦਨ ਲਾਲ ਦੂਮੜਾ, ਸੁਖਵਿੰਦਰ ਕੰਬੋਜ, ਦੀਪਕ ਛਾਬੜਾ, ਗੁਰਮੀਤ ਮਦਾਨ, ਜਤਿੰਦਰ ਵਧਵਾ, ਮੀਨਾ ਮਹਿਰੋਕ, ਅਮਨਪ੍ਰੀਤ ਕੌਰ, ਅਰਚਨਾ ਗਾਬਾ, ਰਾਜਨ ਦੂਮੜਾ ਤੇ ਜਸਕਰਨਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੱਤਾ।

ਡੀ ਏ ਵੀ ਸਕੂਲ 'ਚ ਭਗਵਾਨ ਬਾਲਮੀਕ ਜੈਅੰਤੀ ਮਨਾਈ

ਪਾਤੜਾਂ (ਨਿਸਾਨ ਸਿੰਘ ਬਣਵਾਲਾ)-ਡੀ ਏ ਵੀ ਪਬਲਿਕ ਸਕੂਲ ਵਿੱਚ ਭਗਵਾਨ ਬਾਲਮੀਕੀ ਜਯੰਤੀ ਬਹੁਤ ਸ਼ਰਧਾ ਨਾਲ ਮਨਾਈ ਗਈ। ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਇਸ ਪਵਿੱਤਰ ਪੁਰਵ ਨੂੰ ਮਨਾਉਣ ਲਈ ਸਕੂਲ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਸਕੂਲ ਦੀ ਅਧਿਆਪਕਾ ਸੀਮਾ ਵਸ਼ਿਸ਼ਟ ਨੇ ਨਿਭਾਈ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਨੌਵੀਂ ਸੀ ਜਮਾਤ ਦੀ ਵਿਦਿਆਰਥਣ ਸਤਵੀਰ ਕੌਰ ਨੇ ਆਪਣੇ ਭਾਸ਼ਣ ਰਾਹੀਂ ਭਗਵਾਨ ਬਾਲਮੀਕੀ ਜੀ ਦੇ ਜੀਵਨ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਉਪਰੰਤ ਤੀਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੁਆਰਾ ਤਿਆਰ ਕੀਤੇ ਵਿਸ਼ੇਸ਼ ਸ਼ਬਦ ਕੀਰਤਨ ਪੇਸ਼ ਕੀਤੇ ਗਏ ਤੇ ਭਗਵਾਨ ਬਾਲਮੀਕੀ ਜੀ ਦੇ ਜੀਵਨ ਨਾਲ ਸਬੰਧਤ ਝਾਕੀਆਂ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ। ਇਸ ਉਪਰੰਤ ਸੰਗੀਤ ਅਧਿਆਪਕਾ ਪੂਜਾ ਗਿੱਲ ਨੇ ਭਜਨ ਪੇਸ਼ ਕੀਤੇ। ਪ੍ਰਿੰਸੀਪਲ ਮੀਨਾ ਥਾਪਰ ਨੇ ਪ੍ਰੋਗਰਾਮ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਭਗਵਾਨ ਬਾਲਮੀਕੀ ਜੀ ਦੁਆਰਾ ਦੱਸੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ।

ਆਸ਼ਾ ਵਰਕਰਾਂ ਨੇ ਮੈਡੀਕਲ ਅਫਸਰ ਨੂੰ ਦਿੱਤਾ ਮੰਗ ਪੱਤਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਆਸ਼ਾ ਵਰਕਰ ਯੂਨੀਅਨ ਵੱਲੋਂ ਪ੍ਰਧਾਨ ਕੈਂਡੀ ਦੀ ਪ੍ਰਧਾਨਗੀ ਹੇਠ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਸੀਨੀਅਰ ਮੈਡੀਕਲ ਅਫਸਰ ਨੂੰ ਡਾਕਟਰ ਵਿਸ਼ਾਲ ਬਿਆਜ ਨੂੰ ਆਪਣਾ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਕੈਂਡੀ ਨੇ ਦੱਸਿਆ ਕਿ 30 ਅਕਤੂਬਰ 2023 ਨੂੰ ਪੂਰੇ ਭਾਰਤ ਦੀਆਂ ਆਸ਼ਾ ਵਰਕਰਾਂ ਇਕੱਠੀਆਂ ਹੋ ਕੇ ਸੈਂਟਰ ਸਰਕਾਰ ਦੇ ਵਿਰੁੱਧ ਆਪਣੀ ਹੱਕੀ ਮੰਗਾਂ ਜਿਵੇਂ ਕਿ ਫਿਕਸ ਪੇ ਦੇਣਾ ਤੇ ਮੈਡੀਕਲ ਸਹੂਲਤ ਦੇਣਾ ਅਤੇ ਮੌਤ ਹੋਣ ਉਪਰੰਤ ਉਨ੍ਹਾਂ ਦੇ ਪਰਿਵਾਰ ਨੂੰ ਨੌਕਰੀ ਦੇਣਾ ਆਦਿ ਮੰਗਾਂ ਨੂੰ ਲੈ ਕੇ ਦਿੱਲੀ ਵਿਖੇ ਸੈਂਟਰ ਸਰਕਾਰ ਵਿਰੁੱਧ ਰੋਸ ਧਰਨਾ ਕੀਤਾ ਜਾਵੇਗਾ, ਜਿਸ ਵਿੱਚ ਫਿਰੋਜ਼ਪੁਰ ਦੀਆਂ ਸਮੂਹ ਆਸ਼ਾ ਵਰਕਰ ਸ਼ਮੂਲੀਅਤ ਕਰਨਗੀਆਂ।ਇਨ੍ਹਾਂ ਦੀਆਂ ਮੰਗਾਂ ਨੂੰ ਜਾਇਜ਼ ਦੱਸਦੇ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਯੂਨੀਅਨ ਪੰਜਾਬ ਦੇ ਆਗੂ ਨਰਿੰਦਰ ਸ਼ਰਮਾ ਨੇ ਦੱਸਿਆ ਕਿ ਆਸ਼ਾ ਵਰਕਰ ਤੇ ਪੰਜਾਬ ਦੇ ਸਮੂਹ ਮੁਲਾਜ਼ਮ ਜਿਨ੍ਹਾਂ ਕੋਰੋਨਾ ਦੌਰਾਨ ਆਪਣੀ ਜਾਨ ਜੋਖਮ ਵਿੱਚ ਪਾ ਕੇ ਕੰਮ ਕੀਤਾ, ਉਨ੍ਹਾਂ ਨੂੰ ਪੱਕੇ ਕਰਨਾ ਚਾਹੀਦਾ ਹੈ ਤੇ ਸਾਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ।ਇਸ ਮੰਗ ਪੱਤਰ ਦੌਰਾਨ ਸੁਖਜੀਤ ਕੌਰ, ਬਲਜਿੰਦਰ ਕੌਰ, ਸੁਖਰਾਜ ਕੌਰ, ਅਰਵਿੰਦਰ ਕੌਰ, ਅਮਰਜੀਤ ਕੌਰ, ਕੁਲਵਿੰਦਰ ਕੌਰ, ਦਵਿੰਦਰ ਕੌਰ ਆਦਿ ਹਾਜ਼ਰ ਸਨ।

ਪਾਥਵੇਜ਼ ਗਲੋਬਲ ਸਕੂਲ 'ਚ ਵਾਲਮੀਕਿ ਜਯੰਤੀ ਮਨਾਈ

ਕੋਟ ਈਸੇ ਖਾਂ (ਅਰੋੜਾ)-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਜੋ ਇਲਾਕੇ ਦਾ ਨਾਮਵਾਰ ਆਈ ਸੀ ਐਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ ਅਤੇ ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ, ਵਿਖੇ ਮਹਾਰਿਸ਼ੀ ਵਾਲਮੀਕਿ ਜਯੰਤੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਪਾਥਵੇਜ਼ ਵੱਲੋਂ ਇਸ ਮੌਕੇ ਸਪੈਸ਼ਲ ਸਵੇਰ ਦੀ ਸਭਾ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਦੁਆਰਾ ਕਵਿਤਾ, ਕੋਰੀਓਗ੍ਰਾਫੀ ਅਤੇ ਇਸ ਦਿਨ ਨਾਲ ਸੰਬੰਧਤ ਚਾਰਟ ਪੇਸ਼ ਕੀਤੇ ਗਏ। ਸਕੂਲ ਪ੍ਰਿੰਸੀਪਲ ਹਰਵੰਤ ਸਿੰਘ ਵਿਰਕ ਨੇ ਇਸ ਮੌਕੇ ਵਿਦਿਆਰਥੀਆਂ ਨੂੰ ਇਸ ਦਿਨ ਦੇ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਮਹਾਰਿਸ਼ੀ ਵਾਲਮੀਕਿ ਜਯੰਤੀ ਨੂੰ ਮਹਾਂਰਿਸ਼ੀ ਵਾਲਮੀਕਿ ਜੀ ਦੇ ਜਨਮ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਵਾਲਮੀਕ ਜੀ ਮਹਾਨ ਮਹਾਕਵੀ ਰਮਾਇਣ ਦੇ ਲੇਖਕਾਂ ਵਿੱਚੋਂ ਇੱਕ ਸਨ ਅਤੇ ਭਾਰਤ ਦੇ ਪ੍ਰਾਚੀਨ ਕਾਲ ਦੇ ਇੱਕ ਮਹਾਨ ਰਿਸ਼ੀ ਵੀ ਹੋਏ ਹਨ। ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸ਼ਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ ਨੇ ਮਹਾਰਿਸ਼ੀ ਵਾਲਮੀਕ ਜਯੰਤੀ ਮੌਕੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਹਮੇਸ਼ਾ ਸਚਾਈ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਤ ਕੀਤਾ।

ਰੂਪ ਵਾਟਿਕਾ ਸਕੂਲ 'ਚ ਲਗਾਇਆ ਇਨ ਹਾਊਸ ਫਨ ਮੇਲਾ

ਜਗਰਾਉਂ (ਅਮਿਤ ਖੰਨਾ)-ਅੱਜ ਰੂਪ ਵਾਟਿਕਾ ਸਕੂਲ ਵਿੱਚ ਨੰਨ੍ਹੇ ਮੁੰਨੇ ਬੱਚਿਆਂ ਦੀ ਸੁਰੱਖਿਆ ਦਾ ਧਿਆਨ ਰੱਖਦੇ ਹੋਏ ਸਕੂਲ ਵਿੱਚ ਹੀ ਇਨ ਹਾਊਸ ਫਨ ਮੇਲਾ ਲਗਾਇਆ ਗਿਆ। ਜਿਸ ਵਿੱਚ ਕਿੰਡਰ ਗਾਰਟਨ ਤੇ ਪ੍ਰਾਇਮਰੀ ਵਿੰਗ ਦੇ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਵਿੱਚ ਬੋਟਿੰਗ, ਮਿੱਕੀ ਮਾਊਸ ਜੰਪਰ, ਰੋਲ ਦੀ ਸਵਾਰੀ, ਕਮਾਂਡੋ, ਨੈੱਟ ਸਲਾਈਡਰ ਜੰਪਰ, ਟਨਲ, ਪੈਡੂਲਮ ਤੇ ਹੋਰ ਵੀ ਐਡਵੈਂਚਰਜ਼ ਐਕਟੀਵਿਟੀਜ਼ ਵਿੱਚ ਹਿੱਸਾ ਲਿਆ। ਪੜ੍ਹਾਈ ਦੇ ਨਾਲ ਨਾਲ ਖੇਡਾਂ ਅਤੇ ਇਹ ਐਕਟੀਵਿਟੀਜ਼ ਬੱਚਿਆਂ ਦੀ ਮਾਨਸਿਕ ਤੰਦਰੁਸਤੀ ਨੂੰ ਪ੍ਰਫੁੱਲਤ ਕਰਦੀ ਹੈ। ਬੱਚਿਆਂ ਨੇ ਮਿਊਜ਼ਿਕ 'ਤੇ ਡਾਂਸ ਵੀ ਕੀਤਾ। ਕਾਰਟੂਨ ਮਿੱਕੀ ਮਾਊਸ ਨੇ ਬੱਚਿਆਂ ਨਾਲ ਖੂਬ ਮਸਤੀ ਕੀਤੀ। ਝੂਲਿਆਂ ਨੂੰ ਰੰਗ ਬਿਰੰਗੇ ਗੁਬਾਰਿਆਂ ਨਾਲ ਸਜਾਇਆ ਗਿਆ। ਇਹ ਮੇਲਾ ਸਕੂਲ ਪ੍ਰਿੰਸੀਪਲ ਵਿਮੀ ਠਾਕਰ ਦੀ ਅਗਵਾਈ ਹੇਠ ਲਗਾਇਆ ਗਿਆ। ਉਨ੍ਹਾ ਕਿਹਾ ਕਿ ਨੰਨ੍ਹੇ ਮੁੰਨੇ ਬੱਚਿਆਂ ਦੀ ਸੁਰੱਖਿਆ ਲਈ ਇਹ ਮੇਲਾ ਸਕੂਲ ਵਿੱਚ ਹੀ ਆਯੋਜਿਤ ਕੀਤਾ ਗਿਆ, ਤਾਂ ਜੋ ਬੱਚਿਆਂ ਦਾ ਮਨੋਰੰਜਨ ਵੀ ਹੋ ਜਾਵੇ ਤੇ ਉਹ ਸੁਰੱਖਿਅਤ ਵੀ ਰਹਿਣ।

ਟੰਡਨ ਇੰਟਰਨੈਸ਼ਨਲ ਸਕੂਲ 'ਚ ਪ੍ਰੀ-ਪ੍ਰਾਇਮਰੀ ਸਪੋਰਟਸ ਮੀਟ

ਬਰਨਾਲਾ (ਰਾਜਿੰਦਰ ਬਰਾੜ)-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਵਿਚ ਪ੍ਰੀ-ਪ੍ਰਾਇਮਰੀ ਦੀ ਸਪੋਰਟਸ ਮੀਟ ਕਰਵਾਈ ਗਈ। ਜਿਸ ਵਿਚ ਨਰਸਰੀ ਤੋਂ ਦੂਸਰੀ ਕਲਾਸ ਦੇ ਬੱਚਿਆਂ ਨੇ ਭਾਗ ਲਿਆ। ਸਕੂਲ ਦੇ ਬੱਚਿਆਂ ਨੇ ਸਕੂਲ ਬੈਂਡ ਰਾਹੀਂ ਮਾਰਚ ਪਾਸ ਕੀਤਾ ਗਿਆ। ਸਪੋਰਟਸ ਮੀਟ ਦੀ ਸ਼ੁਰੂਆਤ ਟੀ. ਆਈ. ਐਸ. ਬੈਲੂਨ ਉਡਾ ਕੇ ਕੀਤੀ ਗਈ। ਮਸ਼ਾਲ ਜਲਾਉਣ ਦੀ ਪ੍ਰਥਾ ਸਕੂਲ ਦੇ ਹੈਡ ਸਟੂਡੈਂਟ ਇਸ਼ਾਨ ਸਿੰਘ ਰਿਹਲ ਅਤੇ ਹੈਡ ਗਰਲ ਜਪਲੀਨ ਕੌਰ ਨੇ ਅਦਾ ਕੀਤੀ ਅਤੇ ਮਸ਼ਾਲ ਚੁੱਕ ਕੇ ਫਲੈਗ ਮਾਰਚ ਵੀ ਪੂਰਾ ਕੀਤਾ। ਉਸ ਤੋਂ ਬਾਅਦ ਸਪੋਰਟਸ ਮੀਟ ਦੀ ਸ਼ੁਰੂਆਤ ਕੀਤੀ ਗਈ। ਜਿਸ ਵਿਚ ਪ੍ਰੀ ਪ੍ਰਾਇਮਰੀ ਦੇ ਬੱਚਿਆਂ ਨੂੰ ਸੈਕ ਰੇਸ , ਫਰੋਗ ਰੇਸ , ਹਰਡਲ ਰੇਸ , ਡ੍ਰੈਗ ਬਾਲ ਰੇਸ, ਹੋਲਡ ਬਾਲ, ਰੈਬਿਟ ਰੇਸ, ਪਿਕ ਐਂਡ ਡ੍ਰੌਪ, ਵੋਮ ਰੇਸ , ਬੈਂਗਲ ਰੇਸ, ਬੈਲੂਨ ਬਸਟਿੰਗ ਆਦਿ ਰੇਸ ਕਰਵਾਈਆਂ ਗਈਆਂ। ਜੋ ਬੱਚੇ ਰੇਸ ਵਿਚ ਜੇਤੂ ਰਹੇ ਨੂੰ ਵਧਾਈ ਦਿੱਤੀ ਗਈ। ਜੇਤੂ ਰਹੇ ਬੱਚੇ ਫਾਈਨਲ ਰੇਸ ਵਿਚ ਭਾਗ ਲੈਣਗੇ। ਸਕੂਲ ਪ੍ਰਿੰਸੀਪਲ ਡਾ. ਸ਼ਰੂਤੀ ਸ਼ਰਮਾ ਅਤੇ ਵਾਇਸ ਪ੍ਰਿੰਸੀਪਲ ਸ਼ਾਲਿਨੀ ਕੌਸ਼ਲ ਨੇ ਬੱਚਿਆਂ ਨੂੰ ਦੱਸਿਆ ਕਿ ਇਹ ਸਪੋਰਟਸ ਮੀਟ ਤਿੰਨ ਦਿਨ ਤੱਕ ਚੱਲੇਗੀ। ਪਹਿਲੇ ਦਿਨ ਪ੍ਰੀ-ਪ੍ਰਾਇਮਰੀ ਦੀ ਅਤੇ ਦੂਸਰੇ ਦਿਨ ਤੀਸਰੀ ਤੋਂ ਅਠਵੀਂ ਤੱਕ ਦੇ ਬੱਚਿਆਂ ਦੀ ਸਪੋਰਟਸ ਮੀਟ ਹੋਵੇਗੀ। ਪ੍ਰਿੰਸੀਪਲ ਦੱਸਿਆ ਕਿ ਬੱਚਿਆਂ ਲਈ ਸਪੋਰਟਸ ਬਹੁਤ ਜ਼ਰੂਰੀ ਹੈ। ਬੱਚਿਆਂ ਦਾ ਸਰੀਰਿਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਇਸ ਸਪੋਰਟਸ ਮੀਟ ਵਿੱਚ ਸਕੂਲ ਦੇ ਸਾਰੇ ਵਿਦਿਆਰਥੀ ਭਾਗ ਲੈਣਗੇ।

ਸਿੱਖਿਆ ਵਿਰੋਧੀ ਨੀਤੀਆਂ ਖਿਲਾਫ ਸਰਕਾਰ ਦੀ ਫੂਕੀ ਅਰਥੀ

ਬਰਨਾਲਾ (ਰਾਜਿੰਦਰ ਬਰਾੜ)-ਪੰਜਾਬ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਖਿਲਾਫ ਸਾਂਝਾ ਅਧਿਆਪਕ ਮੋਰਚਾ ਜ਼ਿਲ੍ਹਾ ਬਰਨਾਲਾ ਵੱਲੋਂ ਅੱਜ ਇੱਥੇ ਸਥਾਨਕ ਚਿੰਟੂ ਪਾਰਕ ਬਰਨਾਲਾ ਵਿਖੇ ਜ਼ੋਰਦਾਰ ਰੈਲੀ ਕਰਨ ਉਪਰੰਤ ਪੰਜਾਬ ਸਰਕਾਰ ਦੀ ਅਰਥੀ ਨੂੰ ਲਾਂਬੂ ਲਾਇਆ ਗਿਆ। ਇਸ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਦਿਆਂ ਹਰਿੰਦਰ ਮੱਲ੍ਹੀਆਂ, ਨਰਿੰਦਰ ਸਹਿਣਾ, ਪਰਮਿੰਦਰ ਸਿੰਘ ਰੁਪਾਲ, ਜਸਵੀਰ ਸਿੰਘ ਬੀਹਲਾ ਨੇ ਕਿਹਾ ਕਿ ਸਕੂਲ ਆਫ ਐਮੀਨੈਂਸ ਦੇ ਨਾਂ 'ਤੇ ਦੂਜੇ ਸਾਰੇ ਸਕੂਲਾਂ ਦਾ ਉਜਾੜਾ ਕਰ ਕੇ ਪੋਂਡੂ ਤੇ ਗ਼ਰੀਬ ਵਿਦਿਅਰਥੀਆਂ ਤੋਂ ਸਿੱਖਿਆ ਖੋਹਣ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਸਰਟੀਫਿਕੇਟ ਜਾਰੀ ਕਰਨ ਅਤੇ ਲੇਟ ਫੀਸ ਦੇ ਨਾਂ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਗਰੀਬ ਵਿਦਿਅਰਥੀਆਂ ਦੀ ਲੁੱਟ ਕਰਨ ਲਈ ਖੁੱਲ੍ਹੀ ਛੁੱਟੀ ਦੇ ਕੇ ਆਰ.ਟੀ.ਐਕਟ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇਸ ਮੌਕੇ ਆਗੂਆਂ ਕੇਵਲ ਸਿੰਘ, ਜਗਤਾਰ ਸਿੰਘ ਪੱਤੀ, ਰਣਜੀਤ ਸਿੰਘ ਜੰਡੂ ਆਦਿ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਅਧੂਰਾ ਨੋਟੀਫਿਕੇਸ਼ਨ ਜਾਰੀ ਕਰ ਕੇ ਮੁਲਾਜ਼ਮ ਵਰਗ ਨਾਲ ਧ੍ਰੋਹ ਕਮਾਇਆ ਗਿਆ ਹੈ। ਛੇਵੇਂ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ, ਡੀ ਏ ਦੀਆਂ ਕਿਸ਼ਤਾਂ ਲੰਬੇ ਸਮੇਂ ਤੋਂ ਬਕਾਇਆ ਹਨ, ਪੇ ਕਮਿਸ਼ਨ ਦੇ ਬਕਾਇਆ ਬਾਰੇ ਸਰਕਾਰ ਨੇ ਸਾਜਿਸ਼ੀ ਚੁੱਪ ਧਾਰੀ ਹੋਈ ਹੈ। ਸਾਂਝਾ ਅਧਿਆਪਕ ਮੋਰਚਾ ਆਪਣੀਆਂ ਹੱਕੀ ਮੰਗਾਂ ਦੇ ਹੱਲ ਲਈ ਲਗਾਤਾਰ ਆਪਣੇ ਯਤਨ ਜਾਰੀ ਰੱਖੇਗਾ। ਇਸ ਰੋਸ ਰੈਲੀ 'ਚ ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਤੇਜੀ, ਕਰਮਜੀਤ ਸਿੰਘ ਭੋਤਨਾ, ਅਸ਼ਵਨੀ ਹਮੀਦੀ, ਅਮਰੀਕ ਸਿੰਘ ਭੱਦਲਵੱਡ, ਹਰਜੀਤ ਖੁੱਡੀ, ਏਕਮ ਭੋਤਨਾ, ਭਰਤ ਕੁਮਾਰ, ਰਮਨਦੀਪ ਸਿੰਘ, ਪੈਨਸ਼ਨਰ ਯੂਨੀਅਨ ਵੱਲੋਂ ਰਿਟਾਇਰ ਬੀ.ਪੀ.ਈ.ਓ. ਹਾਕਮ ਸਿੰਘ, ਲੈਕਚਰਾਰ ਕਰਨੈਲ ਸਿੰਘ ਆਦਿ ਹਾਜ਼ਰ ਸਨ।

ਢੰਡਾਰੀ ਕਲਾਂ ਰੇਲਵੇ ਸਟੇਸ਼ਨ ਦਾ ਹੋਵੇਗਾ ਨਵੀਨੀਕਰਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਭਾਰਤੀ ਰੇਲ ਵੱਲੋਂ ਸ਼ੁਰੂ ਕੀਤੀ ਗਈ ਅੰਮ੍ਰਿਤ ਭਾਰਤ ਯੋਜਨਾ ਤਹਿਤ ਦੇਸ਼ ਭਰ ਦੇ 1308 ਸਟੇਸ਼ਨਾਂ ਦਾ ਨਵੀਨੀਕਰਨ ਕਰਨ ਦੀ ਯੋਜਨਾ ਹੈ।ਇਸ ਯੋਜਨਾ ਦਾ ਉਦੇਸ਼ ਯਾਤਰੀਆਂ ਨੂੰ ਸਹਿਜ ਤੇ ਸੁਵਿਧਾਜਨਕ ਯਾਤਰਾ ਸੇਵਾ ਪ੍ਰਦਾਨ ਕਰਨਾ ਹੈ।ਇਸ ਦੇ ਪਹਿਲੇ ਪੜਾਅ ਵਿੱਚ 508 ਸਟੇਸ਼ਨਾਂ ਦਾ ਨਿਰਮਾਣ ਚੱਲ ਰਿਹਾ ਹੈ।ਇਨ੍ਹਾਂ 'ਚੋਂ ਉੱਤਰੀ ਰੇਲਵੇ ਦੀਆਂ 5 ਡਵੀਜ਼ਨਾਂ ਨੂੰ 71 ਸਟੇਸ਼ਨ ਅਲਾਟ ਕੀਤੇ ਗਏ ਹਨ।ਇਸ ਯੋਜਨਾ ਤਹਿਤ ਫਿਰੋਜ਼ਪੁਰ ਡਵੀਜ਼ਨ ਅਧੀਨ ਢੰਡਾਰੀ ਕਲਾਂ ਸਟੇਸ਼ਨ ਲਈ 17.6 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ।ਪੁਨਰਵਿਕਾਸ ਯੋਜਨਾ ਵਿੱਚ ਲਗਭਗ 1838 ਵਰਗ ਮੀਟਰ ਦੇ ਸਰਕੂਲੇਸ਼ਨ ਖੇਤਰ ਵਿੱਚ ਸੁਧਾਰ ਤੇ ਸੁੰਦਰੀਕਰਨ ਸ਼ਾਮਲ ਹੈ।ਅੰਮ੍ਰਿਤ ਭਾਰਤ ਸਟੇਸ਼ਨ ਯੋਜਨਾ ਦੇ ਜ਼ਰੀਏ ਰੇਲਵੇ ਯਾਤਰੀਆਂ ਲਈ ਨਿਰਵਿਘਨ ਪਹੁੰਚ ਨੂੰ ਯਕੀਨੀ ਬਣਾਉਣ ਦਾ ਇਰਾਦਾ ਰੱਖਦਾ ਹੈ।ਇਸ ਦਾ ਮੁੱਖ ਟੀਚਾ ਇਨ੍ਹਾਂ ਸਟੇਸ਼ਨਾਂ ਨੂੰ ਗਤੀਸ਼ੀਲ ਆਵਾਜਾਈ ਕੇਂਦਰਾਂ ਵਿੱਚ ਬਦਲਣਾ ਹੈ, ਜੋ ਸਥਿਰਤਾ, ਕੁਸ਼ਲਤਾ, ਸੁਰੱਖਿਆ, ਪਹੁੰਚਯੋਗਤਾ ਤੇ ਸ਼ਮੂ

29-Oct-PAGE-3.qxd 10/28/2023 8:43 PM Page 1

ਤਰਕਸ਼ੀਲ ਸੁਸਾਇਟੀ ਵੱਲੋਂ ਗਦਰੀ ਬਾਬਿਆਂ ਦੇ ਮੇਲੇ 'ਚ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਨੇ ਪੰਜਾਬ ਦੀਆਂ ਸਮੂਹ ਤਰਕਸ਼ੀਲ ਇਕਾਈਆਂ ਅਤੇ ਜ਼ੋਨਾਂ ਦੇ ਆਗੂਆਂ ਅਤੇ ਮੈਂਬਰਾਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਗਦਰੀ ਬਾਬਿਆਂ ਦੀ ਇਨਕਲਾਬੀ ਵਿਰਾਸਤ ਨੂੰ ਸਿਜਦਾ ਕਰਨ ਅਤੇ ਮੌਜੂਦਾ ਸਮੇਂ ਦੀਆਂ ਗੰਭੀਰ ਚੁਣੌਤੀਆਂ ਦਾ ਟਾਕਰਾ ਕਰਨ ਲਈ 31 ਅਕਤੂਬਰ ਅਤੇ 1 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਆਪਣੇ ਪਰਿਵਾਰਾਂ ਅਤੇ ਸੰਗੀ ਸਾਥੀਆਂ ਸਮੇਤ ਵੱਡੀ ਗਿਣਤੀ ਵਿਚ ਜ਼ਰੂਰ ਪਹੁੰਚਣ। ਤਰਕਸ਼ੀਲ ਸੁਸਾਇਟੀ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਬਲਬੀਰ ਲੋਂਗੋਵਾਲ, ਰਾਜਪਾਲ ਸਿੰਘ, ਰਾਮ ਸਵਰਨ ਲੱਖੇਵਾਲੀ ਅਤੇ ਸੁਮੀਤ ਸਿੰਘ ਨੇ ਇਸ ਸਬੰਧੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਗਦਰੀ ਬਾਬਿਆਂ ਦੇ 32ਵੇਂ ਮੇਲੇ 'ਚ ਬੌਧਿਕ ਚਿੰਤਨ, ਵਿਗਿਆਨਕ ਚੇਤਨਾ ਅਤੇ ਸ਼ਾਨਾਮੱਤੇ ਇਤਿਹਾਸ ਦੀ ਸਾਡੇ ਸਮਿਆਂ ਅੰਦਰ ਪ੍ਰਸੰਗਿਕਤਾ ਉਘਾੜਨ ਉਪਰ ਵਿਸ਼ੇਸ਼ ਤੌਰ ਤੇ ਧਿਆਨ ਕੇਂਦਰਿਤ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਵਿਚਾਰ ਦੀ ਅਹਿਮ ਕੜੀ ਵਜੋਂ ਹੀ ਪਹਿਲੀ ਵਾਰ 31 ਅਕਤੂਬਰ ਦਿਨੇ 1:30 ਵਜੇ ਉਚੇਚੇ ਤੌਰ 'ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਜਾ ਰਿਹਾ ਹੈ ਅਤੇ ਇਸ ਵਿਚਾਰ ਚਰਚਾ 'ਚ ਨਾਮਵਰ ਵਿਦਵਾਨ ਅਤੇ ਸਮਾਜਿਕ ਕਾਰਕੁਨ ਐਡਵੋਕੇਟ ਤੀਸਤਾ ਸੀਤਲਵਾੜ ਅਤੇ ਵਿਨੀਤ ਤਿਵਾੜੀ ਪੁੱਜ ਰਹੇ ਹਨ। ਇਸਦੇ ਇਲਾਵਾ 1 ਨਵੰਬਰ ਨੂੰ 'ਦੀ ਵਾਇਰ' ਦੇ ਸੰਪਾਦਕ ਮਾਣਯੋਗ ਸਿਧਾਰਥ ਵਰਧਰਾਜਨ ਮੌਜੂਦਾ ਹਕੂਮਤਾਂ ਵਲੋਂ ਮੀਡੀਆ ਅਦਾਰਿਆਂ 'ਤੇ ਕੀਤੇ ਜਾ ਰਹੇ ਫਾਸ਼ੀਵਾਦੀ ਹਮਲਿਆਂ ਅਤੇ ਜਮਹੂਰੀ ਸ਼ਕਤੀਆਂ ਵਲੋਂ ਉਨ੍ਹਾਂ ਦਾ ਟਾਕਰਾ ਕਰਨ ਸਬੰਧੀ ਆਪਣੇ ਵਡਮੁੱਲੇ ਵਿਚਾਰ ਪੇਸ਼ ਕਰਨਗੇ। ਆਗੂਆਂ ਨੇ ਉਮੀਦ ਜ਼ਾਹਰ ਕਰਦਿਆਂ ਕਿਹਾ ਕਿ ਇਸ ਵਾਰ ਦਾ ਗਦਰੀ ਬਾਬਿਆਂ ਦਾ ਮੇਲਾ ਦੇਸ਼ ਵਿਦੇਸ਼ ਦੇ ਸਮੂਹ ਵਰਗਾਂ ਤੇ ਖੇਤਰਾਂ ਦੇ ਲੋਕਾਂ ਦੀ ਸ਼ਮੂਲੀਅਤ ਅਤੇ ਗੁਣਾਤਮਕ ਪੱਖੋਂ ਇਤਿਹਾਸਕ ਹੋਵੇਗਾ ਅਤੇ ਤਿੰਨੇ ਦਿਨ ਲੱਗਣ ਵਾਲਾ ਪੁਸਤਕ ਮੇਲਾ ਅਤੇ 31 ਅਕਤੂਬਰ ਅਤੇ 1 ਨਵੰਬਰ ਨੂੰ ਹੋਣ ਵਾਲੇ ਬੌਧਿਕ ਵਿਚਾਰ ਵਟਾਂਦਰੇ ਸਾਡੇ ਮੌਜੂਦਾ ਨੌਜਵਾਨ ਅਤੇ ਕਿਰਤੀ ਵਰਗ ਲਈ ਇਕ ਇਨਕਲਾਬੀ ਰਾਹ ਦਸੇਰਾ ਸਾਬਤ ਹੋਣਗੇ। ਤਰਕਸ਼ੀਲ ਆਗੂਆਂ ਨੇ ਮੌਜੂਦਾ ਸਮਿਆਂ ਵਿੱਚ ਗਦਰੀ ਬਾਬਿਆਂ ਦੀ ਇਨਕਲਾਬੀ ਵਿਰਾਸਤ ਉਤੇ ਪਹਿਰਾ ਦੇਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ 30 ਅਕਤੂਬਰ ਤੋਂ 1 ਨਵੰਬਰ ਤਕ ਜਿੱਥੇ ਸੈਂਕੜੇ ਬੁੱਕ ਸਟਾਲ ਤੇ ਤਰਕਸ਼ੀਲ ਸਾਹਿਤ ਵੈਨ ਮੇਲੇ ਦੀ ਵਿਸ਼ੇਸ਼ ਖਿੱਚ ਹੋਣਗੇ ਉਥੇ ਹੀ ਕੁਇਜ਼, ਪੋਟਿੰਗ ਮੁਕਾਬਲੇ, ਕਵੀ ਦਰਬਾਰ, ਫਿਲਮ, ਗੀਤ-ਸੰਗੀਤ, ਸਿਰੇ ਦੀ ਇਨਕਲਾਬੀ ਅਤੇ ਇਤਿਹਾਸਕ ਗਾਇਕੀ ਸਮੇਤ 1 ਨਵੰਬਰ ਦੀ ਸਾਰੀ ਰਾਤ ਰੰਗ ਮੰਚ ਦੇ ਨਾਟਕਾਂ ਦੀ ਪੇਸ਼ਕਾਰੀ ਰਾਹੀਂ ਦਰਸ਼ਕਾਂ ਨੂੰ ਆਪਣੇ ਜਮਹੂਰੀ ਹੱਕਾਂ ਲਈ ਚੇਤਨ ਅਤੇ ਸੰਘਰਸ਼ਸ਼ੀਲ ਹੋਣ ਦਾ ਹੋਕਾ ਦਿੱਤਾ ਜਾਵੇਗਾ। ਤਰਕਸ਼ੀਲ ਸੁਸਾਇਟੀ ਨੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਇਸ ਉਦਮ ਨੂੰ ਸਫਲ ਕਰਨ ਲਈ ਪੰਜਾਬ ਸਮੇਤ ਦੇਸ਼ ਵਿਦੇਸ਼ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ, ਵਿਦਿਆਰਥੀਆਂ, ਔਰਤਾਂ, ਲੇਖਕਾਂ, ਬੁੱਧੀਜੀਵੀਆਂ, ਸਾਹਿਤਕਾਰਾਂ, ਵਿਦਵਾਨਾਂ, ਕਵੀਆਂ, ਰੰਗ ਕਰਮੀਆਂ, ਤਰਕਸ਼ੀਲ ਅਤੇ ਜਮਹੂਰੀ ਕਾਮਿਆਂ ਸਮੇਤ ਸਮੂਹ ਵਰਗਾਂ ਦੇ ਲੋਕਾਂ ਨੂੰ ਉਪਰੋਕਤ ਮੇਲੇ ਅਤੇ ਵਿਚਾਰ ਚਰਚਾਵਾਂ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਉੱਜਵਲ ਭਾਰਤ ਸੰਸਥਾ ਦੀ ਟੀਮ ਬਿਰਧ ਆਸ਼ਰਮ ਪਹੁੰਚੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)—ਉੱਜਵਲ ਭਾਰਤ ਸੰਸਥਾ ਦੀ ਸੰਸਥਾਪਕ ਨਿਰਮਲਾ ਦੇਵੀ, ਚੇਅਰਮੈਨ ਹਿਮਪੁਟ, ਡਾਇਰੈਕਟਰ ਰੁਚੀ ਮਹਿਤਾ, ਲਿੰਗਲ ਸਲਾਹਕਾਰ ਐਡਵੋਕੇਟ ਸ਼੍ਰੀਕਾਂਤ ਨੇ ਆਦਰਸ਼ ਬਿਰਧ ਘਰ ਝਾਖੇਲਾੜੀ ਦਾ ਦੌਰਾ ਕੀਤਾ। ਆਸ਼ਰਮ ਵਿੱਚ ਰਹਿ ਰਹੇ ਬਜ਼ੁਰਗਾਂ ਦਾ ਹਾਲ ਜਾਣਿਆ। ਬਜ਼ੁਰਗਾਂ ਨਾਲ ਆਪਣਾ ਦੁੱਖ ਸਾਂਝਾ ਕੀਤਾ। ਆਸ਼ਰਮ ਦੇ ਬਜ਼ੁਰਗਾਂ ਅਤੇ ਦੂਰ-ਦੁਰਾਡੇ ਕੰਮ ਕਰਨ ਵਾਲੇ ਲੋਕਾਂ ਦੇ ਰਹਿਣ-ਸਹਿਣ ਬਾਰੇ ਜਾਣਕਾਰੀ ਲਈ। ਬਜ਼ੁਰਗਾਂ ਨੇ ਕਿਹਾ ਕਿ ਇੱਥੇ ਬਹੁਤ ਸੋਹਣਾ ਲੱਗਦਾ ਹੈ। ਅਸੀਂ ਸਾਰੇ ਇੱਕ ਦੂਜੇ ਨਾਲ ਬਹੁਤ ਖੁਸ਼ ਹਾਂ। ਸਾਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪੈ ਰਿਹਾ।

ਡੈਨੀਅਲ ਵੈਲਿੰਗਟਨ ਦੀਆਂ ਲਾਜਵਾਬ ਘੜੀਆਂ ਨਾਲ ਆਪਣੀ ਦੀਵਾਲੀ ਰੌਸ਼ਨ ਕਰੋ

ਅੰਮ੍ਰਿਤਸਰ : ਡੈਨੀਅਲ ਵੈਲਿੰਗਟਨ, ਮਸ਼ਹੂਰ ਗਲੋਬਲ ਘੜੀ ਅਤੇ ਐਕਸੈਸਰੀਜ਼ ਬ੍ਰਾਂਡ ਹੈ ਜਿਸ ਨੂੰ ਇਸਦੇ ਆਧੁਨਿਕ ਅਤੇ ਸ਼ਾਨਦਾਰ ਡਿਜ਼ਾਈਨ ਲਈ ਜਾਣਿਆ ਜਾਂਦਾ ਹੈ, ਆਪਣੇ ਨਵੀਨਤਮ ਕਲੈਕਸ਼ਨ-ਔਰਤਾਂ ਲਈ 'ਬੇਜਲ' ਅਤੇ ਪੁਰਸ਼ਾਂ ਲਈ 'ਕ੍ਰੋਨੋਗ੍ਰਾਫ' ਦੇ ਨਾਲ ਤਿਉਹਾਰਾਂ ਦੇ ਸੀਜ਼ਨ ਦੀ ਸ਼ੁਰੂਆਤ ਕਰਨ ਲਈ ਤਿਆਰ ਹੈ। ਦੀਵਾਲੀ ਭਾਰਤ ਦੇ ਸਭ ਤੋਂ ਵੱਡੇ ਤਿਉਹਾਰਾਂ ਵਿੱਚੋਂ ਇੱਕ, ਰੋਸ਼ਨੀ, ਖੁਸ਼ੀ ਅਤੇ ਖੁਸ਼ਹਾਲੀ ਦਾ ਸਭ ਤੋਂ ਵੱਡਾ ਜਸ਼ਨ ਦਾ ਪੁਰਬ ਹੈ। ਤਿਉਹਾਰਾਂ ਦੀ ਖੁਸ਼ੀ ਤੋਹਫੇ ਨਾਲ ਆਉਂਦੀ ਹੈ। ਇਸ ਤਰ੍ਹਾਂ ਇਸ ਤਿਉਹਾਰੀ ਸੀਸ਼ਨ ਲਈ ਡੈਨੀਅਲ ਵੈਲਿੰਗਟਨ ਦੇ ਪੋਰਟਫੋਲੀਓ ਵਿੱਚ ਸਭ ਤੋਂ ਨਵੇਂ ਐਡੀਸ਼ਨਾਂ ਵਿੱਚੋਂ ਤੁਸੀਂ ਆਪਣੇ ਅਜੀਜ ਦੋਸਤਾਂ ਅਤੇ ਪਰਿਵਾਰ ਦੇ ਮੈਂਬਰਾਂ ਲਈ ਤੋਹਫਿਆਂ ਅਤੇ ਬੇਮਿਸਾਲ ਵਿਕਲਪਾਂ ਦੀ ਚੋਣ ਕਰ ਸਕਦੇ ਹੋ।

ਅਵਤਾਰ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ 17 ਤੋਂ 19 ਨਵੰਬਰ ਤੱਕ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਜੋ ਇਨਸਾਨ ਗੁਰਬਾਣੀ ਨਾਲੋਂ ਟੁੱਟ ਚੁੱਕੇ ਹਨ ਉਨ੍ਹਾਂ ਦੇ ਘਰਾਂ ਵਿੱਚ ਅਤੇ ਪਰਿਵਾਰਾਂ ਵਿੱਚ ਦੁਖਾਂ ਦੀਆਂ ਘੜੀਆਂ ਪ੍ਰਵੇਸ਼ ਕਰ ਜਾਂਦੀਆਂ ਹਨ ਅਤੇ ਫਿਰ ਉਨ੍ਹਾਂ ਦੁਖਾਂ ਨੂੰ ਸੁੱਖਾਂ ਵਿਚ ਬਦਲਣ ਲਈ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦਾ ਸਹਾਰਾ ਲੈਣਾ ਪੈਂਦਾ ਹੈ ਅਤੇ ਗੁਰਬਾਣੀ ਜਿੱਥੇ ਦੁੱਖਾਂ ਦਾ ਨਾਸ ਕਰਦੀ ਹੈ ਉੱਥੇ ਸਾਨੂੰ ਸਰੀਰਾਂ ਦੇ ਸੁੱਖਾਂ ਦੇ ਨਾਲ ਨਾਲ ਸੰਸਾਰੀ ਦਾਤਾਂ ਦੀ ਵੀ ਬਖਸ਼ਿਸ਼ ਪ੍ਰਾਪਤ ਹੁੰਦੀ ਹੈ ਇਸ ਲਈ ਆਓ ਕਿਰਤ ਕਮਾਈ ਕਰਦਿਆਂ ਹੋਇਆਂ ਮਨ ਕਰਕੇ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦਾ ਸਿਮਰਨ ਕਰਕੇ ਗੁਰੂ ਸਾਹਿਬ ਜੀ ਦੇ ਚਰਨਾਂ ਨਾਲ ਆਪਣੀ ਬਿਰਤੀ ਨੂੰ ਜੋੜੀਏ। ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਸਦਕਾ ਸੰਗਤਾਂ ਦੇ ਘਰਾਂ ਵਿੱਚ ਨਿਸਕਾਮ ਭੇਟਾ ਰਹਿਤ ਧੁਰ ਕੀ ਬਾਣੀ ਇਲਾਹੀ ਬਾਣੀ ਦੇ ਦੂਖ ਨਿਵਾਰਨ ਕੈਂਪ ਦੇ ਰੂਪ ਵਿੱਚ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਅਵਤਾਰ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਸਬੰਧੀ ਨਾਨਕਸਰ ਸਾਹਿਬ ਵਿਖੇ ਬਾਬਾ ਪਵਨਪ੍ਰੀਤ ਸਿੰਘ ਕਰੋਲ ਕਾ ਟਿੱਬਾ ਹਿਮਾਚਲ ਪ੍ਰਦੇਸ, ਬਾਬਾ ਸੇਰ ਸਿੰਘ ਜੀ ਨਾਨਕਸਰ ਸਨਾਮ, ਬਾਬਾ ਹਰਚਰਨ ਸਿੰਘ ਜੀ ਨਾਨਕਸਰ ਪਟਿਆਲਾ, ਬਾਬਾ ਇੰਦਰਪਾਲ ਸਿੰਘ ਜੀ ਨਾਨਕਸਰ ਦੇਵੀ ਵਾਲ, ਬਾਬਾ ਅਰਜਨ ਸਿੰਘ ਨਾਨਕਸਰ ਆਲਮਪੁਰ ਰਾਜਪੁਰਾ ਆਦਿ ਸੰਤਾਂ ਮਹਾਪੁਰਖਾਂ ਨਾਲ ਵੀਚਾਰ ਵਟਾਂਦਰਾ ਕੀਤਾ ਗਿਆ ਜਿਸ ਵਿੱਚ 17 ਨਵੰਬਰ, 2023 ਨੂੰ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਨਾਨਕਸਰ ਸਾਹਿਬ ਜੰਡਿਆਲਾ ਗੁਰੂ ਤੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਆਰੰਭਤਾ ਤੋਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਅਤੇ ਨਗਰ ਕੀਰਤਨ ਨਾਨਕਸਰ ਗੁਰਦੁਆਰਾ ਸਾਹਿਬ ਜੀ ਜੰਡਿਆਲਾ ਗੁਰੂ ਤੋਂ ਆਰੰਭ ਹੋ ਕਿ ਪਿੰਡ ਗੋਰੇਵਾਲ, ਗੁੰਨੋਵਾਲ, ਜੋਤੀਸਰ ਕਲੋਨੀ ਜੰਡਿਆਲਾ ਗੁਰੂ ਤੋਂ ਪਿੰਡ ਮੱਲੀਆਂ, ਤਾਰਾਗੜ੍ਹ, ਤਿੰਮੋਵਾਲ, ਏਕਲਗੱਡਾ, ਦੀਨੇਵਾਲ, ਜਹਾਂਗੀਰ, ਧਾਰੜ੍ਹ ਤੋਂ ਜੰਡਿਆਲਾ ਗੁਰੂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਹੋਵੇਗਾ ਅਤੇ 18 ਤੇ 19 ਨਵੰਬਰ ਨੂੰ ਕੀਰਤਨ ਦਰਬਾਰ ਸਜਾਏ ਜਾਣਗੇ । 19 ਨਵੰਬਰ ਨੂੰ ਅੰਮ੍ਰਿਤ ਵੇਲੇ ਪੰਜਾਂ ਪਿਆਰਿਆਂ ਵੱਲੋਂ ਅੰਮ੍ਰਿਤ ਬਾਟਾ ਤਿਆਰ ਕੀਤਾ ਜਾਵੇਗਾ ਅਤੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਇਆ ਜਾਵੇਗਾ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ ਅਤੇ ਇਸੇ ਦਿਨ 19 ਨਵੰਬਰ ਨੂੰ ਲੋੜਵੰਦ ਪਰਿਵਾਰਾਂ ਦੀਆਂ ਬੇਟੀਆਂ ਦੇ ਆਨੰਦ ਕਾਰਜ ਵੀ ਕਰਵਾਏ ਜਾਣਗੇ ਅਤੇ ਉਪਰੰਤ ਸਾਮ 3 ਵਜੇ ਤੋਂ ਲੈਕੇ ਰਾਤ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਸਮਾਗਮਾਂ ਵਿੱਚ ਪਹੁੰਚ ਕੇ ਲਾਹਾ ਪ੍ਰਾਪਤ ਕਰੋ ਅਤੇ ਤਨ ਮਨ ਧਨ ਨਾਲ ਸੇਵਾ ਕਰਕੇ ਆਪਣਾ ਜੀਵਨ ਸਫਲ ਬਣਾਓ

ਧਰਮੀ ਫੌਜੀ ਐਸੋਸੀਏਸ਼ਨ ਵੱਲੋਂ ਮੰਗਾਂ ਨੂੰ ਲੈ ਕੇ ਧਾਮੀ ਨਾਲ ਮੀਟਿੰਗ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਰਜਿ. ਦੇ ਵਫਦ ਵਲੋਂ ਜਥੇਬੰਦੀ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਦੀ ਅਗਵਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੀਟਿੰਗ ਕੀਤੀ ਅਤੇ ਧਰਮੀ ਫੌਜੀਆਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਸਬੰਧੀ ਵਿਚਾਰ ਚਰਚਾ ਕੀਤੀ। ਧਰਮੀ ਫੌਜੀਆਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੇ 23 ਅਗਸਤ 2021 ਨੂੰ ਲਏ ਫੈਸਲੇ ਦਾ ਮਤਾ ਪਾ ਕੇ ਜੀ. ਸੀ. ਐੱਮ. (ਜਰਨਲ ਕੋਰਟ ਮਾਰਸ਼ਲ) ਵਾਲੇ ਧਰਮੀ ਫੌਜੀ ਮੰਨੇ ਗਏ, ਜਦਕਿ 7 ਸਿੱਖ ਅਤੇ 8 ਸਿੱਖ ਸਮੇਤ ਕੁੱਝ ਹੋਰ ਰੈਂਜੀਮੈਂਟ ਵਿੱਚੋਂ ਸਿੱਖ ਫੌਜੀਆਂ ਨੇ ਬਗਾਵਤ ਕਰਕੇ ਅੰਮ੍ਰਿਤਸਰ ਵੱਲ ਕੂਚ ਕੀਤਾ ਸੀ। ਉਨ੍ਹਾਂ ਨੇ ਕਿਹਾ ਬੈਰਕਾਂ ਛੱਡਣ ਵਾਲੇ ਸਾਰੇ ਧਰਮੀ ਫੌਜੀ ਮੰਨੇ ਜਾਣ ਅਤੇ ਹੋਰ ਲਟਕਦੀਆਂ ਮੰਗਾਂ ਪੂਰੀਆਂ ਕੀਤੀਆਂ ਜਾਣ। ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਧਰਮੀ ਫੌਜੀਆਂ ਦੀਆਂ ਮੰਗਾਂ ਦੇ ਜਲਦ ਹੱਲ ਲਈ ਸਬ ਕਮੇਟੀ ਬਣਾ ਕੇ ਮਸਲੇ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

ਪ੍ਰਧਾਨ ਬਣਾਉਣ 'ਤੇ ਬੀਬੀ ਜਗਦੀਸ਼ ਕੌਰ ਵੱਲੋਂ ਹਾਈਕਮਾਂਡ ਦਾ ਧੰਨਵਾਦ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਬੀਬੀ ਜਗਦੀਸ਼ ਕੌਰ ਵੱਲੋਂ ਮਹਿਲਾ ਜ਼ਿਲ੍ਹਾ ਮੀਤ ਪ੍ਰਧਾਨ ਬਣਾਉਣ ਅਤੇ ਵਿਧਾਨ ਸਭਾ ਹਲਕਾ ਅਜਨਾਲਾ ਦੀ ਕੋਰ ਕਮੇਟੀ ਮੈਂਬਰ ਬਣਾਉਣ ਤੇ ਮਹਿਲਾ ਪੰਜਾਬ ਪ੍ਰਧਾਨ ਬੀਬੀ ਜੈ ਇੰਦਰ ਕੌਰ ਦਾ ਧੰਨਵਾਦ ਕੀਤਾ ਹੈ ਅਤੇ ਨਾਲ ਹੀ ਉਨ੍ਹਾਂ ਨੇ ਅਜਨਾਲਾ ਦੇ ਸਾਬਕਾ ਵਿਧਾਇਕ ਅਤੇ ਓਬੀਸੀ ਮੋਰਚਾ ਪੰਜਾਬ ਬੀਜੇਪੀ ਦੇ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਨੇ ਜੋ ਉਨ੍ਹਾਂ ਨੂੰ ਮਾਨ ਸਤਿਕਾਰ ਦਿੱਤਾ ਹੈ ਮੈਂ ਉਨ੍ਹਾਂ ਦੀ ਸਦਾ ਰਿਣੀ ਰਹਾਂਗੀ ਅਤੇ ਕੇਂਦਰ ਸਰਕਾਰ ਦੀਆਂ ਚੱਲ ਰਹੀਆਂ ਸਕੀਮਾਂ ਘਰ-ਘਰ ਪਹੁੰਚਾ ਕੇ ਆ ਰਹੀਆਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਦਿਨ ਰਾਤ ਮਿਹਨਤ ਕਰਕੇ ਪਾਰਟੀ ਦੀ ਜਿੱਤ ਲਈ ਤਤਪਰ ਰਹਾਂਗੀ। ਇਸ ਮੌਕੇ ਬੀਬੀ ਰਣਬੀਰ ਕੋਰ ਰਾਣੇ, ਕੁਲਬੀਰ ਕੌਰ, ਜ਼ਿਲ੍ਹਾ ਵਾਇਸ ਪ੍ਰਧਾਨ ਪ੍ਰਦੀਪ ਕੁਮਾਰ ਬੰਟਾ, ਕੌਂਸਲਰ ਦੀਪਕ, ਕੌਂਸਲਰ ਦੀਪੂ ਅਰੋੜਾ, ਕੌਂਸਲਰ ਸ਼ਿਵਦੀਪ ਸਿੰਘ ਚਾਹਲ, ਕੌਂਸਲਰ ਨੰਦ ਲਾਲ ਬਾਓ, ਕਸ਼ਮੀਰ ਸਿੰਘ ਕਾਕੂ ਪੀਏ, ਧਰਮਿੰਦਰ ਸਿੰਘ ਪ੍ਰਿੰਸ, ਰਮੇਸ਼ ਕੌਸ਼ਲ, ਜਸਬੀਰ ਸਿੰਘ ਅਜਨਾਲਾ, ਵਿਜੈ ਕੁਮਾਰ ਸਰੀਨ, ਵਿਨੋਦ ਅਰੋੜਾ, ਵਿਪਨ ਖੱਤਰੀ, ਸੌਰਵ ਸਰੀਨ, ਰਾਜੇਸ਼ ਚੌਹਾਨ, ਸ਼ਤੀਸ਼ ਗਾਂਧੀ, ਢਿੱਲੋਂ ਸਾਹਬ ਚੱਕ ਵਾਲੇ , ਪਰਮਜੀਤ ਸਿੰਘ ਰਿੰਕੂ, ਜਸਪਾਲ ਸਿੰਘ ਲਾਟੀ ਆਦਿ ਹਾਜ਼ਰ ਸਨ।

ਏਡੀਸੀ ਵੱਲੋਂ ਵੋਟਰ ਜਾਗਰੂਕਤਾ ਸਾਈਕਲ ਰੈਲੀ ਰਵਾਨਾ

ਗੁਰਦਾਸਪੁਰ (ਦਿਨੇਸ਼ ਕੁਮਾਰ)-ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਤਹਿਤ ਸਾਰੇ ਯੋਗ ਨਾਗਰਿਕਾਂ ਨੂੰ ਆਪਣ

29-OCT-PAGE-4.qxd 10/28/2023 8:45 PM Page 1

ਬੇਕਸੂਰ ਫਲਸਤੀਨੀਆਂ ਦਾ ਕਤਲੇਆਮ ਤੁਰੰਤ ਬੰਦ ਹੋਵੇ : ਲਿਬਰੇਸ਼ਨ

■ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਇਜ਼ਰਾਈਲ ਖਿਲਾਫ ਰੋਸ ਪ੍ਰਦਰਸ਼ਨ

ਮਾਨਸਾ (ਆਤਮਾ ਸਿੰਘ ਪਮਾਰ)

ਸੀਪੀਆਈ (ਐੱਮ ਐੱਲ) ਲਿਬਰੇਸ਼ਨ ਨੇ ਮੰਗ ਕੀਤੀ ਕਿ ਇਜ਼ਰਾਈਲ ਵੱਲੋਂ ਹਵਾਈ ਤੇ ਜ਼ਮੀਨੀ ਹਮਲਿਆਂ ਵਿੱਚ ਕੀਤਾ ਜਾ ਰਿਹਾ ਬੇਗੁਨਾਹ ਫਲਸਤੀਨੀ ਲੋਕਾਂ ਦਾ ਕਤਲੇਆਮ ਤੁਰੰਤ ਬੰਦ ਕੀਤਾ ਜਾਵੇ, ਫੌਜੀ ਤਾਕਤ ਨਾਲ ਖੋਹੇ ਫਲਸਤੀਨ ਦੇ ਸਾਰੇ ਇਲਾਕੇ ਵਾਪਸ ਕੀਤੇ ਜਾਣ ਤੇ ਫਲਸਤੀਨ ਨੂੰ ਇੱਕ ਆਜ਼ਾਦ ਤੇ ਪ੍ਰਭੂਸੱਤਾ ਸੰਪੰਨ ਦੇਸ਼ ਵਜੋਂ ਮਾਨਤਾ ਦਿੱਤੀ ਜਾਵੇ। ਸੀਪੀਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਧੜਾਧੜ ਬੰਬਾਰੀ ਕਰਕੇ ਬੇਕਸੂਰ ਲੋਕਾਂ ਦਾ ਘਾਣ ਕਰ ਰਹੇ ਇਜ਼ਰਾਈਲ ਖਿਲਾਫ ਇਹ ਮੰਗਾਂ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਜਨਤਕ ਤੌਰ 'ਤੇ ਉਠਾਈਆਂ ਗਈਆਂ। ਬਾਜ਼ਾਰ ਵਿੱਚ ਰੋਸ ਵਿਖਾਵੇ ਤੋਂ ਬਾਅਦ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ ਵਿੱਚ ਦਿੱਤੇ ਗਏ ਧਰਨੇ ਨੂੰ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਮੁਸਲਿਮ ਫਰੰਟ ਪੰਜਾਬ ਦੇ ਪ੍ਰਧਾਨ ਐੱਚ ਆਰ ਮੋਫਰ, ਸੁਖਦਰਸ਼ਨ ਸਿੰਘ ਨੱਤ, ਪਾਰਟੀ ਦੀ ਸ਼ਹਿਰ ਕਮੇਟੀ ਦੇ ਸਕੱਤਰ ਸੁਰਿੰਦਰ ਪਾਲ ਸ਼ਰਮਾ, ਬਲਵਿੰਦਰ ਘਰਾਂਗਣਾ, ਪੈਨਸ਼ਨਰਜ਼ ਐਸੋਸੀਏਸ਼ਨ ਦੇ ਮਨਿੰਦਰ ਸਿੰਘ ਜਵਾਹਰਕੇ, ਭਾਰਤ ਮੁਕਤੀ ਮੋਰਚਾ ਦੇ ਜਸਵੰਤ ਸਿੰਘ ਮਾਨਸਾ, ਆਰ ਐੱਮ ਪੀ ਆਈ ਦੇ ਮੇਜਰ ਸਿੰਘ ਦੂਲੋਵਾਲ, ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦੇ ਕਨਵੀਨਰ ਗਗਨਦੀਪ, ਤਰਕਸ਼ੀਲ ਸੁਸਾਇਟੀ ਦੇ ਸੁਰਿੰਦਰ ਸਿੰਘ, ਦੋਧੀ ਯੂਨੀਅਨ ਦੇ ਸੱਤਪਾਲ ਭੈਣੀ, ਏਪਵਾ ਆਗੂ ਜਸਬੀਰ ਕੌਰ ਨੱਤ, ਕ੍ਰਿਸ਼ਨਾ ਕੌਰ, ਲਿਬਰੇਸ਼ਨ ਦੇ ਤਹਿਸੀਲ ਸਕੱਤਰ ਗੁਰਸੇਵਕ ਸਿੰਘ ਮਾਨ ਨੇ ਵੀ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਗਾਜਾ ਤੇ ਵੈਸਟ ਬੈਂਕ 'ਤੇ 19 ਦਿਨ ਤੋਂ ਜਾਰੀ ਬੰਬਾਰੀ ਵਿੱਚ ਹੁਣ ਤੱਕ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ, ਹਜ਼ਾਰਾਂ ਰਿਹਾਇਸ਼ੀ ਇਮਾਰਤਾਂ, ਸਕੂਲ, ਹਸਪਤਾਲ, ਬਿਜਲੀਘਰ ਤਬਾਹ ਹੋ ਚੁੱਕੇ ਹਨ, ਪਰ ਇਸ ਮਸਲੇ 'ਤੇ ਮੋਦੀ ਸਰਕਾਰ ਵੱਲੋਂ ਇਕ ਪਾਸੇ ਖੁੱਲ੍ਹ ਕੇ ਇਜ਼ਰਾਈਲ ਦੀ ਹਮਾਇਤ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਲੋਕ ਵਿਖਾਵੇ ਲਈ ਬਰਬਾਦ ਕੀਤੇ ਜਾ ਰਹੇ ਫਲਸਤੀਨੀ ਲੋਕਾਂ ਲਈ ਕੁਝ ਸਹਾਇਤਾ ਭੇਜਣ ਦੀ ਦੋਗਲੀ ਨੀਤੀ ਵੀ ਅਖਤਿਆਰ ਕੀਤੀ ਹੋਈ ਹੈ। ਅਜਿਹੀ ਨੀਤੀ ਦੀ ਸਖਤ ਨਿੰਦਾ ਕਰਦਿਆਂ ਮੰਗ ਕੀਤੀ ਕਿ ਭਾਰਤ ਇਜ਼ਰਾਈਲ 'ਤੇ ਤੁਰੰਤ ਜੰਗਬੰਦੀ ਲਈ ਦਬਾਅ ਪਾਵੇ। ਇਜ਼ਰਾਈਲ ਤੇ ਹਮਾਸ ਦੋਨਾਂ ਵੱਲੋਂ ਆਮ ਨਾਗਰਿਕਾਂ, ਬੱਚਿਆਂ, ਬਜ਼ੁਰਗਾਂ ਤੇ ਔਰਤਾਂ ਨੂੰ ਅੰਨ੍ਹੇਵਾਹ ਮਾਰਨ ਦੀ ਸਖਤ ਨਿੰਦਾ ਕਰਦਿਆਂ ਵਿਖਾਵਾਕਾਰੀਆਂ ਨੇ ਸੰਸਾਰ ਦੀ ਆਮ ਜਨਤਾ ਨੂੰ ਮੁਨਾਫਾਖੋਰ ਸਾਮਰਾਜੀ ਸ਼ਕਤੀਆਂ ਤੋਂ ਪੂਰੀ ਤਰ੍ਹਾਂ ਸੁਚੇਤ ਹੋਣ ਦੀ ਅਪੀਲ ਕੀਤੀ।

ਚਾਰ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਤੋਂ ਅੱਕੇ ਮੁਲਾਜ਼ਮਾਂ ਪਾਇਲ ਸ਼ਹਿਰ ਦੀ ਵਾਟਰ ਸਪਲਾਈ ਕੀਤੀ ਬੰਦ

ਕਾਲੀ ਪਾਇਲ ਵੱਲੋਂ ਡੀ ਸੀ ਦੇ ਧਿਆਨ 'ਚ ਲਿਆਉਣ ਉਪਰੰਤ ਵਾਟਰ ਸਪਲਾਈ ਹੋਈ ਚਾਲੂ

ਦੋਰਾਹਾ (ਹਰਮਿੰਦਰ ਸੇਠ)-ਪਿਛਲੇ ਲਗਭਗ ਚਾਰ ਮਹੀਨਿਆਂ ਤੋਂ ਤਨਖਾਹ ਲੈਣ ਲਈ ਵਿਧਾਇਕ ਤੇ ਅਧਿਕਾਰੀਆਂ ਦੇ ਧੱਕੇ ਖਾਣ ਤੋਂ ਬਾਅਦ ਤਨਖਾਹ ਨਾ ਮਿਲਣ ਕਾਰਨ ਅੱਕੇ ਵਾਟਰ ਸਪਲਾਈ ਦੇ ਮੁਲਾਜ਼ਮਾਂ ਜਸਵੀਰ ਸਿੰਘ, ਜਤਿੰਦਰ ਸਿੰਘ, ਹਰਸ਼ਦੀਪ ਸਿੰਘ, ਭਗਤ ਰਾਮ, ਗੁਰਸੇਵਕ ਸਿੰਘ ਤੇ ਸੇਵਾ ਸਿੰਘ ਵੱਲੋਂ ਰੋਸ ਜਿਤਾਉਂਦੇ ਹੋਏ ਪਾਇਲ ਸ਼ਹਿਰ ਦੀ ਵਾਟਰ ਸਪਲਾਈ ਬੰਦ ਕਰਕੇ ਆਪਣਾ ਰੋਸ ਪ੍ਰਗਟ ਕੀਤਾ ਤਾਂ ਜੋ ਸੁੱਤੀ ਹੋਈ ਸਰਕਾਰ ਜਾਗ ਸਕੇ। ਇਸ ਮੌਕੇ ਮੁਲਾਜ਼ਮਾਂ ਨੇ ਕਿਹਾ ਕਿ ਲਗਭਗ ਚਾਰ ਮਹੀਨੇ ਬੀਤ ਚੁੱਕੇ ਹਨ, ਅਸੀਂ ਬਿਨਾਂ ਤਨਖਾਹ ਤੋਂ ਹੀ ਕੰਮ ਕਰ ਰਹੇ ਹਾਂ। ਇਸ ਸਬੰਧੀ ਅਸੀਂ ਹਲਕਾ ਵਿਧਾਇਕ ਤੇ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਵਾਰ ਵਾਰ ਬੇਨਤੀਆਂ ਕੀਤੀਆਂ, ਪ੍ਰੰਤੂ ਸਾਡੀ ਕਿਸੇ ਨੇ ਵੀ ਸੁਣਵਾਈ ਨਹੀਂ ਕੀਤੀ ਅਤੇ ਠੇਕੇਦਾਰ ਵੱਲੋਂ ਤਨਖਾਹ ਨਾ ਦੇਣ 'ਤੇ ਉਸ ਉੱਪਰ ਕੋਈ ਕਾਰਵਾਈ ਨਹੀਂ ਕੀਤੀ, ਸਗੋਂ ਸਾਨੂੰ ਹੀ ਲਾਰੇਬਾਜ਼ੀ ਕਰਦੇ ਰਹੇ, ਅੱਜ ਸਬਰ ਦਾ ਬੰਨ੍ਹ ਟੁੱਟ ਗਿਆ, ਇਸ ਕਰਕੇ ਸਾਨੂੰ ਮਜਬੂਰੀਵੱਸ ਲੋਕਾਂ ਨੂੰ ਤਕਲੀਫ ਵਿੱਚ ਰੱਖਣਾ ਪਿਆ ਅਤੇ ਪਾਇਲ ਸ਼ਹਿਰ ਦੀ ਸਪਲਾਈ ਬੰਦ ਕਰਨੀ ਪਈ, ਸਾਡੀਆਂ ਤਨਖਾਹਾਂ ਦਾ ਹੱਲ 24 ਘੰਟੇ ਵਿੱਚ ਨਾ ਕੀਤਾ ਗਿਆ ਤਾਂ ਅਸੀਂ ਅਣਮਿੱਥੇ ਸਮੇਂ ਲਈ ਪੂਰੇ ਸ਼ਹਿਰ ਦੀ ਵਾਟਰ ਸਪਲਾਈ ਬੰਦ ਕਰ ਦਿਆਂਗੇ। ਇਸ ਲਈ ਸਾਡੇ ਉੱਚ ਅਧਿਕਾਰੀ ਤੇ ਠੇਕੇਦਾਰ ਜ਼ਿੰਮੇਵਾਰ ਹੋਵੇਗਾ। ਬੰਦ ਪਈ ਵਾਟਰ ਸਪਲਾਈ ਨੂੰ ਚਾਲੂ ਕਰਾਉਣ ਲਈ ਮੌਕੇ 'ਤੇ ਪਹੁੰਚੇ ਸਮਾਜ ਸੇਵੀ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਸਰਕਾਰ ਵੱਲੋਂ ਵਧੀਆ ਪ੍ਰਸ਼ਾਸਨ ਦੇਣ ਦੀ ਫੂਕ ਨਿੱਕਲ ਚੁੱਕੀ ਹੈ। ਭਗਵੰਤ ਮਾਨ ਸਰਕਾਰ ਹਰ ਰੋਜ਼ ਵੱਡੇ ਵੱਡੇ ਵਾਅਦੇ ਤੇ ਦਾਅਵੇ ਕਰ ਰਹੀ ਹੈ, ਪ੍ਰੰਤੂ ਮੁਲਾਜ਼ਮਾਂ ਨੂੰ ਦੇਣ ਲਈ ਇਨ੍ਹਾਂ ਕੋਲ ਤਨਖਾਹਾਂ ਤੱਕ ਨਹੀਂ, ਠੇਕੇਦਾਰੀ ਸਿਸਟਮ ਹੋਣ ਕਰਕੇ ਕਿਸੇ ਦੀ ਜਵਾਬਦੇਹੀ ਨਹੀਂ ਬਣ ਰਹੀ। ਅੱਜ ਵਿਧਾਇਕ ਤੇ ਅਧਿਕਾਰੀਆਂ ਦੀ ਨਲਾਇਕੀ ਕਾਰਨ ਸ਼ਹਿਰ ਦੇ ਲੋਕ ਪਾਣੀ ਦੀ ਬੂੰਦ ਬੂੰਦ ਲਈ ਤਰਸ ਗਏ। ਡੀ ਸੀ ਲੁਧਿਆਣਾ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਲਗਭਗ 11 ਵਜੇ ਵਾਟਰ ਸਪਲਾਈ ਚਾਲੂ ਹੋਈ।

ਕੁੱਟਮਾਰ ਤੇ ਤੰਗ-ਪ੍ਰੇਸ਼ਾਨ ਕਰਨ 'ਤੇ ਪਤਨੀ ਵੱਲੋਂ ਖੁਦਕੁਸ਼ੀ, ਪਤੀ ਖਿਲਾਫ ਮੁਕੱਦਮਾ ਦਰਜ

ਜਲਾਲਾਬਾਦ (ਜੀਤ ਕੁਮਾਰ)-ਪਿੰਡ ਚੱਕ ਭੰਬਾ ਵੱਟੂ (ਜਵਾਲੇਵਾਲਾ) ਵਿਖੇ ਪਤੀ ਦੁਆਰਾ ਅਕਸਰ ਹੀ ਕੁੱਟਮਾਰ ਤੇ ਤੰਗ ਪ੍ਰੇਸ਼ਾਨ ਕਰਨ ਕਰਕੇ ਪਤਨੀ ਵੱਲੋਂ ਖੁਦਕੁਸ਼ੀ ਕਰਨ ਦੇ ਸਬੰਧ ਵਿੱਚ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਪਤੀ ਖਿਲਾਫ ਪਰਚਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਦੱਈ ਬਲਵੀਰ ਸਿੰਘ ਪੁੱਤਰ ਪੋਖਰ ਸਿੰਘ ਵਾਸੀ ਚੱਕ ਭੰਬਾ ਵੱਟੂ ਜਵਾਲੇਵਾਲਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੀ ਲੜਕੀ ਕੈਲਾਸ਼ ਰਾਣੀ ਦੀ ਸ਼ਾਦੀ ਕਰੀਬ 12 ਸਾਲ ਪਹਿਲਾਂ ਲਖਵਿੰਦਰ ਸਿੰਘ ਉਰਫ ਕਾਲੀ ਪੁੱਤਰ ਬਲਵੰਤ ਸਿੰਘ ਵਾਸੀ ਚੱਕ ਭੰਬਾ ਵੱਟੂ ਦੇ ਨਾਲ ਹੋਈ ਸੀ, ਜੋ ਉਸ ਨੂੰ ਸ਼ਰਾਬ ਪੀ ਕੇ ਕੁੱਟਮਾਰ ਕਰਦਾ ਸੀ ਤੇ ਜਦੋਂ ਉਹ ਵੀ ਆਪਣੀ ਲੜਕੀ ਨੂੰ ਮਿਲਣ ਆਉਂਦਾ ਸੀ ਤਾਂ ਉਸ ਦੀ ਲੜਕੀ ਇਹ ਦੱਸਦੀ ਸੀ ਕਿ ਉਸ ਦਾ ਪਤੀ ਅਕਸਰ ਹੀ ਕੁੱਟਮਾਰ ਕਰਦਾ ਹੈ, ਜਿਸ ਦੇ ਕਾਰਨ ਹੀ ਉਸ ਦੀ ਲੜਕੀ ਕੈਲਾਸ਼ ਰਾਣੀ ਨੇ ਬੀਤੀ 26 ਅਕਤੂਬਰ 2023 ਨੂੰ ਆਪਣੇ ਪਤੀ ਤੋਂ ਤੰਗ-ਪ੍ਰੇਸ਼ਾਨ ਆ ਕੇ ਖੁਦਕੁਸ਼ੀ ਕਰਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ ਹੈ, ਜਿਸ 'ਤੇ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਮੁਦੱਈ ਬਲਵੀਰ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਲਖਵਿੰਦਰ ਸਿੰਗ ਉਰਫ ਕਾਲੀ ਪੁੱਤਰ ਬਲਵੰਤ ਸਿੰਘ ਵਾਸੀ ਚੱਕ ਭੰਬਾ ਵੱਟੂ ਦੇ ਖਿਲਾਫ ਧਾਰਾ 306 ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਹਰਦੇਵ ਸਿੰਘ ਨੇ ਦੱਸਿਆ ਕਿ ਉਕਤ ਮੁਕੱਦਮੇ ਵਿੱਚ ਨਾਮਜ਼ਦ ਵਿਅਕਤੀ ਲਖਵਿੰਦਰ ਸਿੰਘ ਨੂੰ ਪੁਲਸ ਨੇ ਕਾਬੂ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਸਰਕਾਰੀ ਸਕੂਲ ਵਿਖੇ ਨਸ਼ਾ ਵਿਰੋਧੀ ਦਿਵਸ ਦੇ ਸੰਬੰਧ 'ਚ ਸੈਮੀਨਾਰ

ਮੱਖੂ (ਰਛਪਾਲ ਸਿੰਘ ਸੰਧੂ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਖੂ ਵਿਖੇ ਪ੍ਰਿੰਸੀਪਲ ਸੁਖਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਨਸ਼ਾ ਵਿਰੋਧੀ ਦਿਵਸ ਦੇ ਸਬੰਧ ਵਿੱਚ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਵਿਸ਼ੇਸ਼ ਤੌਰ 'ਤੇ ਪੰਜਾਬ ਪੁਲਸ ਅਧਿਕਾਰੀ ਏ ਐੱਸ ਆਈ ਲਖਵਿੰਦਰ ਸਿੰਘ, ਏ ਐੱਸ ਆਈ ਕਰਮ ਸਿੰਘ ਨੇ ਪਹੁੰਚ ਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਇਕ ਮਾਨਸਿਕ ਰੋਗ ਹੈ, ਜੋ ਇਨਸਾਨ ਨੂੰ ਸਰੀਰਕ, ਮਾਨਸਿਕ ਤੇ ਆਰਥਿਕ ਤੌਰ 'ਤੇ ਕਮਜ਼ੋਰ ਕਰ ਦਿੰਦਾ ਹੈ। ਇਸ ਲਈ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਕੱਲਾ ਚਿੱਟਾ ਹੀ ਨਸ਼ਾ ਨਹੀਂ ਜਿਵੇਂ ਬੀੜੀ, ਸਿਗਰਟ, ਤਬਾਕੂ ਇਨ੍ਹਾਂ ਨਸ਼ਿਆਂ ਤੋਂ ਵੀ ਦੂਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਗਲੀ ਮੁਹੱਲੇ ਵਿੱਚ ਨਸ਼ਾ ਵੇਚਦਾ ਹੈ ਤਾਂ ਉਸ ਦੀ ਸ਼ਿਕਾਇਤ ਨੇੜੇ ਪੁਲਸ ਸਟੇਸ਼ਨ ਨੂੰ ਦਿਓ। ਮਾਸਟਰ ਬਲਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਖਵਿੰਦਰ ਸਿੰਘ ਰੰਧਾਵਾ, ਏ ਐੱਸ ਆਈ ਲਖਵਿੰਦਰ ਸਿੰਘ, ਏ ਐੱਸ ਆਈ ਕਰਮ ਸਿੰਘ, ਆਮ ਆਦਮੀ ਪਾਰਟੀ ਤੋਂ ਬੋਮਸ ਭੱਟੀ, ਵਾਲਮੀਕਿ ਆਸ਼ਰਮ ਵੈੱਲਫੇਅਰ ਸੁਸਾਇਟੀ ਤੋਂ ਸਰਿੰਦਰ ਪਲੰਬਰ, ਵਾਲਮੀਕਿ ਨੌਜਵਾਨ ਸਭਾ ਦੇ ਪ੍ਰਧਾਨ ਗੁਰਦੇਵ ਸਿੰਘ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਖੂ ਦਾ ਸਟਾਫ ਹਾਜ਼ਰ ਸੀ।

ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਵਿਸ਼ਵਕਰਮਾ ਦਿਹਾੜਾ ਮਨਾਉਣ ਲਈ ਕਾਰਡ ਜਾਰੀ

ਜਗਰਾਓਂ (ਅਮਿਤ ਖੰਨਾ)-ਜਗਤ ਗੁਰੂ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਜਗਰਾਓਂ ਦੀ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਗੁਰਦੁਆਰਾ ਰਾਮਗੜ੍ਹੀਆ ਵਿਖੇ ਕਾਰਡ ਜਾਰੀ ਕੀਤਾ। ਇਸ ਮੌਕੇ ਵਿਸ਼ਵਕਰਮਾ ਦਿਹਾੜਾ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਉਣ ਲਈ ਤਿਆਰੀਆਂ ਦੇ ਸਮਾਗਮ ਲਈ ਪੂਰਨ ਸਫਲਤਾ ਲਈ ਮੈਂਬਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਐਸੋਸੀਏਸ਼ਨ ਦੇ ਪ੍ਰਧਾਨ ਜਿੰਦਰਪਾਲ ਧੀਮਾਨ, ਸਰਪ੍ਰਸਤ ਕਸ਼ਮੀਰੀ ਲਾਲ, ਸੀਨੀਅਰ ਮੀਤ ਪ੍ਰਧਾਨ ਮੰਗਲ ਸਿੰਘ ਸਿੱਧੂ, ਸਰਪ੍ਰਸਤ ਗੁਰਮੇਲ ਸਿੰਘ ਢੁੱਡੀਕੇ ਪ੍ਰੈੱਸ ਸਕੱਤਰ ਹਰਨੇਕ ਸਿੰਘ ਸੋਈ ਨੇ ਦੱਸਿਆ ਕਿ ਬਾਬਾ ਵਿਸ਼ਵਕਰਮਾ ਜੀ ਦਾ ਆਗਮਨ ਦਿਹਾੜਾ 13 ਨਵੰਬਰ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ। ਇਸ ਮੌਕੇ ਉਕਤ ਤੋਂ ਇਲਾਵਾ ਜਨਰਲ ਸਕੱਤਰ ਅਮਰਜੀਤ ਸਿੰਘ ਘਟੌੜੇ, ਬਹਾਦਰ ਸਿੰਘ, ਮਨਦੀਪ ਸਿੰਘ ਮਨੀ, ਪ੍ਰੀਤਮ ਸਿੰਘ ਕਲਸੀ, ਸੁਰਿੰਦਰ ਸਿੰਘ ਕਾਕਾ, ਜਸਪਾਲ ਸਿੰਘ ਪਾਲੀ, ਸੁਖਵਿੰਦਰ ਸਿੰਘ ਸੀਹਰਾ, ਸੁਰਜੀਤ ਸਿੰਘ ਨਾਨਕਸਰ, ਰਾਜੂ ਸਿੰਘ ਆਦਿ ਸਮੂਹ ਮੈਂਬਰ ਹਾਜ਼ਰ ਸਨ।

ਬਲਾਕ ਐਕਸਟੈਂਸ਼ਨ ਐਜੂਕੇਟਰਾਂ ਦੀਆਂ ਅਸਾਮੀਆਂ ਲਈ ਪ੍ਰੀਖਿਆ ਤਿੰਨੋਂ ਭਾਸ਼ਾਵਾਂ 'ਚ ਲਈ ਜਾਵੇ : ਮੱਖਣ ਬੀਰ

ਮਾਨਸਾ (ਆਤਮਾ ਸਿੰਘ ਪਮਾਰ)-ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ, ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ ਤੇ ਮੀਤ ਪ੍ਰਧਾਨ ਵਿਸ਼ਾਲ ਭਠੇਜਾ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਇਸ਼ਤਿਹਾਰ ਕੀਤੀਆਂ ਬਲਾਕ ਐਕਸਟੈਂਸ਼ਨ ਐਜੂਕੇਟਰਾਂ ਦੀਆਂ 16 ਅਸਾਮੀਆਂ ਦੀ ਲਿਖਤੀ ਪ੍ਰੀਖਿਆ/ਪ੍ਰਸ਼ਨ ਪੱਤਰੀ ਤਿੰਨੋਂ ਭਾਸ਼ਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਲੈਣ ਦੀ ਪੁਰਜ਼ੋਰ ਮੰਗ ਕੀਤੀ ਹੈ, ਜਦਕਿ ਪਿਛਲੇ ਸਾਲਾਂ ਦੌਰਾਨ ਇਨ੍ਹਾਂ ਅਸਾਮੀਆਂ ਦੀਆਂ ਆਈਆਂ ਪੋਸਟਾਂ ਦੀ ਲਿਖਤੀ ਪ੍ਰੀਖਿਆ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੀ ਲਈ ਜਾਂਦੀ ਰਹੀ ਹੈ, ਜਿਸ ਕਰਕੇ ਉਮੀਦਵਾਰਾਂ ਨੂੰ ਪੜ੍ਹਨ/ਸਮਝਣ ਵਿੱਚ ਦਿੱਕਤ ਪੇਸ਼ ਆਉਂਦੀ ਹੈ। ਆਗੂਆਂ ਨੇ ਕਿਹਾ ਕਿ ਜਦੋਂ ਪੰਜਾਬ ਵਿੱਚ ਹੋਰ ਨੌਕਰੀਆਂ ਦੀਆਂ ਪ੍ਰੀਖਿਆਵਾਂ ਤਿੰਨੋਂ ਭਾਸ਼ਾਵਾਂ ਵਿੱਚ ਲਈਆਂ ਜਾਂਦੀਆਂ ਹਨ ਤਾਂ ਫਿਰ ਬਲਾਕ ਐਕਸਟੈਂਸ਼ਨ ਐਜੂਕੇਟਰਾਂ ਦੀਆਂ ਨੌਕਰੀਆਂ ਲਈ ਲਿਖਤੀ ਪ੍ਰੀਖਿਆ ਅੰਗਰੇਜ਼ੀ ਭਾਸ਼ਾ ਵਿੱਚ ਹੀ ਕਿਉਂ ਲਈ ਜਾਂਦੀ ਹੈ, ਜਦਕਿ ਇਸ ਨੌਕਰੀ ਦੀ ਲੋੜੀਂਦੀ ਯੋਗਤਾ ਜਰਨਲਿਜ਼ਮ ਦੀ ਡਿਗਰੀ/ਡਿਪਲੋਮਾ ਪੰਜਾਬੀ ਭਾਸ਼ਾ ਵਿੱਚ ਹੀ ਕਰਵਾਏ ਜਾਂਦੇ ਹਨ। ਆਗੂਆਂ ਨੇ ਕਿਹਾ ਕਿ ਉਕਤ ਅਸਾਮੀਆਂ ਦੀ ਪ੍ਰਸ਼ਨ ਪੱਤਰੀ ਤਿੰਨੋਂ ਭਾਸ਼ਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਹੀ ਹੋਣੀ ਚਾਹੀਦੀ ਹੈ ਤਾਂ ਜੋ ਉਮੀਦਵਾਰਾਂ ਨੂੰ ਪ੍ਰਸ਼ਨ ਪੜ੍ਹਨ, ਸਮਝਣ ਵਿੱਚ ਕੋਈ ਦਿੱਕਤ ਮਹਿਸੂਸ ਨਾ ਹੋਵੇ।

ਮਾਤਾ ਗੁਜਰੀ ਕਾਲਜ ਦੀ ਜੇਤੂ ਕ੍ਰਿਕਟ ਟੀਮ ਨੂੰ ਚੀਮਾ ਨੇ ਕੀਤਾ ਸਨਮਾਨਤ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਦੀ ਕ੍ਰਿਕਟ ਟੀਮ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕ੍ਰਿਕਟ ਚੈਂਪੀਅਨਸ਼ਿਪ ਜਿੱਤਣ 'ਤੇ ਕਾਲਜ ਦੀ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ ਵੱਲੋਂ ਜੇਤੂ ਟੀਮ ਅਤੇ ਕੋਚਿੰਗ ਸਟਾਫ ਨੂੰ ਵਿ

29-OCT-PAGE-5.qxd 10/28/2023 8:44 PM Page 1

ਮੱਧ ਪੂਰਬ ਬਾਰੇ ਪ੍ਰਸਤਾਵ 'ਤੇ ਭਾਰਤ ਦਾ ਸਟੈਂਡ ਸ਼ਾਂਤੀ ਤੇ ਨਿਸ਼ਸਤਰੀਕਰਨ ਦੀਆਂ ਸਾਡੀਆਂ ਪ੍ਰਵਾਨਤ ਨੀਤੀਆਂ ਵਿਰੁੱਧ : ਆਈ ਡੀ ਪੀ ਡੀ

ਲੁਧਿਆਣਾ (ਐੱਮ ਐੱਸ ਭਾਟੀਆ)-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਨੇ ਮੱਧ ਪੂਰਬ ਵਿੱਚ ਜੰਗਬੰਦੀ ਤੇ ਸ਼ਾਂਤੀ ਦੇ ਪ੍ਰਸਤਾਵ 'ਤੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਵੋਟਿੰਗ ਦੌਰਾਨ ਭਾਰਤ ਦੇ ਗੈਰ-ਹਾਜ਼ਰ ਰਹਿਣ 'ਤੇ ਨਰਾਜ਼ਗੀ ਜ਼ਾਹਰ ਕੀਤੀ ਹੈ। ਇਹ ਭਾਰਤ ਸਰਕਾਰ ਦਾ ਪੂਰਾ ਪਾਖੰਡ ਹੈ ਤੇ ਗਾਜ਼ਾ ਵਿੱਚ ਕੀਤੀ ਜਾ ਰਹੀ ਨਸਲਕੁਸ਼ੀ ਪ੍ਰਤੀ ਉਸ ਦੀ ਅਸੰਵੇਦਨਸ਼ੀਲਤਾ ਦਾ ਪ੍ਰਤੀਬਿੰਬ ਹੈ, ਜਿੱਥੇ 3000 ਤੋਂ ਵੱਧ ਬੱਚੇ ਬੰਬਾਰੀ ਵਿੱਚ ਮਾਰੇ ਗਏ ਹਨ। ਇੱਕ ਪਾਸੇ ਭਾਰਤ ਸਰਕਾਰ ਗਾਜ਼ਾ ਵਿੱਚ ਪ੍ਰਭਾਵਿਤ ਲੋਕਾਂ ਲਈ ਸਹਾਇਤਾ ਭੇਜ ਰਹੀ ਹੈ, ਦੂਜੇ ਪਾਸੇ ਜੰਗ ਜਾਰੀ ਰੱਖਣ ਲਈ ਸਮਰਥਨ ਕਰ ਰਹੀ ਹੈ। ਇਹ ਸਾਰੀਆਂ ਮਾਨਵਤਾਵਾਦੀ ਕਦਰਾਂ-ਕੀਮਤਾਂ ਦੇ ਵਿਰੁੱਧ ਹੈ। ਇਹ ਫਲਸਤੀਨੀਆਂ ਨੂੰ ਜਾਇਜ਼ ਹੱਕ ਬਹਾਲ ਕਰਨ ਦੀ ਭਾਰਤ ਦੀ ਪ੍ਰਵਾਨਿਤ ਨੀਤੀ ਦੇ ਵੀ ਵਿਰੁੱਧ ਹੈ। ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਵੀ ਫਲਸਤੀਨੀਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਦੇਣ ਦੀ ਗੱਲ ਕਹੀ ਸੀ। ਅਸੀਂ ਮੰਗ ਕਰਦੇ ਹਾਂ ਕਿ ਜੰਗਬੰਦੀ ਦਾ ਤੁਰੰਤ ਐਲਾਨ ਕੀਤਾ ਜਾਵੇ ਤਾਂ ਜੋ ਜੰਗ ਨੂੰ ਖਤਮ ਕੀਤਾ ਜਾ ਸਕੇ ਤੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਮਤੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾਵੇ।

ਅਸੀਂ ਇਜ਼ਰਾਈਲ ਵਿੱਚ ਹਮਾਸ ਦੀ ਕਾਰਵਾਈ ਦੀ ਨਿੰਦਾ ਕਰਦੇ ਹਾਂ, ਪਰ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਏਟਰੇਸ ਦੇ ਬਿਆਨ ਨੂੰ ਯਾਦ ਕਰੀਏ ਕਿ ਹਮਾਸ ਦੀ ਕਾਰਵਾਈ ਖਲਾਅ ਵਿੱਚ ਨਹੀਂ ਹੋਈ। ਇਹ ਸਿਰਫ ਸ਼ਾਂਤੀ ਤੇ ਗੱਲਬਾਤ ਹੀ ਹੈ, ਜੋ ਇਸ ਮੁੱਦੇ ਨੂੰ ਹੱਲ ਕਰ ਸਕਦੀ ਹੈ ਅਤੇ ਖੇਤਰ ਵਿੱਚ ਸਥਾਈ ਸ਼ਾਂਤੀ ਨੂੰ ਯਕੀਨੀ ਬਣਾ ਸਕਦੀ ਹੈ। ਇਹ ਬਿਆਨ ਆਈ ਡੀ ਪੀ ਡੀ ਦੇ ਪ੍ਰਧਾਨ ਡਾਕਟਰ ਅਰੁਣ ਮਿੱਤਰਾ ਤੇ ਜਨਰਲ ਸਕੱਤਰ ਡਾਕਟਰ ਸ਼ਕੀਲ ਉਰ ਰਹਿਮਾਨ ਵੱਲੋਂ ਜਾਰੀ ਕੀਤਾ ਗਿਆ।

ਤੇਜ਼ਧਾਰ ਹਥਿਆਰਾਂ ਨਾਲ ਵਿਅਕਤੀ ਦਾ ਕਤਲ

ਜਲਾਲਾਬਾਦ (ਜੀਤ ਕੁਮਾਰ)-ਬੀਤੀ ਰਾਤ ਸਥਾਨਕ ਸ਼ਹੀਦ ਊਧਮ ਸਿੰਘ ਚੌਕ ਦੇ ਕੋਲ ਬੀੜੀ ਮੰਗਣ 'ਤੇ ਹੋਏ ਝਗੜੇ ਦੌਰਾਨ ਇੱਕ ਵਿਅਕਤੀ ਦਾ ਤੇਜ਼ਧਾਰ ਹਥਿਆਰ ਨਾਲ ਬੇਰਹਿਮੀ ਨਾਲ ਕਤਲ ਕਰਨ ਵਾਲੇ ਵਿਅਕਤੀ ਖਿਲਾਫ ਥਾਣਾ ਸਿਟੀ ਦੀ ਪੁਲਸ ਵੱਲੋਂ ਪਰਚਾ ਦਰਜ ਕੀਤਾ ਗਿਆ ਹੈ। ਇਸ ਬਾਰੇ ਥਾਣਾ ਸਿਟੀ ਦੇ ਐੱਸ.ਐੱਚ.ਓ. ਲੇਖ ਰਾਜ ਨੇ ਕਿਹਾ ਕਿ ਬੀਤੀ ਰਾਤ ਨੂੰ ਸ਼ਹੀਦ ਊਧਮ ਸਿੰਘ ਚੌਕ ਕੋਲ ਬੀੜੀ ਮੰਗਣ 'ਤੇ ਦੋ ਵਿਅਕਤੀਆਂ ਦਾ ਆਪਸ ਵਿੱਚ ਝਗੜਾ ਹੋ ਗਿਆ ਤੇ ਇਸ ਝਗੜੇ ਦੌਰਾਨ ਇੱਕ ਵਿਅਕਤੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਮ੍ਰਿਤਕ ਵਿਅਕਤੀ ਦੀ ਪਹਿਚਾਣ ਪੰਮਾ (ਕਰੀਬ 45) ਵਾਸੀ ਬਸਤੀ ਕੰਬੋਜ ਫਿਰੋਜ਼ਪੁਰ ਦੇ ਰੂਪ ਵਿੱਚ ਹੋਈ ਹੈ।

ਜਿਵੇਂ ਹੀ ਪੁਲਸ ਨੂੰ ਇਸ ਬਾਰੇ ਜਾਣਕਾਰੀ ਮਿਲੀ ਤਾਂ ਪੁਲਸ ਮੌਕੇ 'ਤੇ ਪੁੱਜੀ ਤੇ ਪੰਮਾ ਨਾਮਕ ਵਿਅਕਤੀ ਨੂੰ ਸਥਾਨਕ ਸਰਕਾਰੀ ਹਸਪਤਾਲ ਵਿਖੇ ਪਹੁੰਚਾਇਆ ਗਿਆ, ਜਿੱਥੇ ਹਸਪਤਾਲ ਦੇ ਡਾਕਟਰਾਂ ਵੱਲੋਂ ਪੰਮਾ ਨੂੰ ਮ੍ਰਿਤਕ ਘੋਸ਼ਿਤ ਕੀਤਾ ਗਿਆ। ਐੱਸ.ਐੱਚ.ਓ. ਨੇ ਦੱਸਿਆ ਕਿ ਪੁਲਸ ਵੱਲੋਂ ਮੁਲਜ਼ਮ ਖਿਲਾਫ ਧਾਰਾ 302 ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਭਗਵਾਨ ਵਾਲਮੀਕਿ ਜੀ ਦਾ ਮਾਨਵਤਾ ਦੇ ਕਲਿਆਣ ਲਈ ਵੱਡਾ ਯੋਗਦਾਨ : ਰਾਜੂ ਖੰਨਾ

ਪ੍ਰਗਟ ਦਿਵਸ 'ਤੇ ਪ੍ਰਧਾਨ ਡੈਨੀ ਪਾਰਚਾ ਦੀ ਸਮੁੱਚੀ ਟੀਮ ਮੁੱਖ ਮਹਿਮਾਨ ਗੁਰਪ੍ਰੀਤ ਸਿੰਘ ਰਾਜੂ ਖੰਨਾ ਦਾ ਸਨਮਾਨ ਕਰਨ ਸਮੇਂ।

ਮੰਡੀ ਗੋਬਿੰਦਗੜ੍ਹ (ਹਰਚਰਨ ਉੱਪਲ, ਲਖਵੀਰ ਸਿੰਘ)

ਵਾਲਮੀਕਿ ਮੰਦਿਰ ਕਮੇਟੀ ਗਊਸ਼ਾਲਾ ਰੋਡ ਮੰਡੀ ਗੋਬਿੰਦਗੜ੍ਹ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਡੈਨੀ ਪਾਰਚਾ ਦੀ ਅਗਵਾਈ ਵਿੱਚ ਭਗਵਾਨ ਮਹਾਂਰਿਸੀ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਬੜੀ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਸਮਾਗਮ ਵਿੱਚ ਹਰ ਸਾਲ ਦੀ ਤਰ੍ਹਾਂ ਮੁੱਖ ਮਹਿਮਾਨ ਦੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਪੁੱਜ ਕੇ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੀਆਂ ਜਿੱਥੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ, ਉਥੇ ਉਨ੍ਹਾਂ ਅਪਣੇ ਸੰਬੋਧਨ ਵਿੱਚ ਕਿਹਾ ਕਿ ਭਗਵਾਨ ਵਾਲਮੀਕਿ ਨੇ ਮਾਨਵਤਾ ਦੇ ਕਲਿਆਣ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਸਮੁੱਚੀ ਮਾਨਵਤਾ ਤੇ ਲੋਕਾਈ ਦੀਆਂ ਅਸੀਸਾਂ ਨਾਲ ਹੀ ਸਾਡੀ ਭਾਈਚਾਰਕ ਸਾਂਝ ਨੇ ਪੰਜਾਬ ਦੇ ਵੱਖ ਵੱਖ ਧਰਮਾਂ ਨੂੰ ਇੱਕ ਮਾਲਾ ਵਿੱਚ ਪਰੋ ਰੱਖਿਆ ਹੈ ਤੇ ਭਗਵਾਨ ਵਾਲਮੀਕਿ ਦੀ ਯਾਦਗਾਰ ਅੰਮ੍ਰਿਤਸਰ ਸਾਹਿਬ ਵਿਖੇ ਬਣਾ ਕੇ ਸਵ. ਪ੍ਰਕਾਸ਼ ਸਿੰਘ ਬਾਦਲ ਨੇ ਸਾਰੇ ਧਰਮਾਂ ਨੂੰ ਬਰਾਬਰ ਸਤਿਕਾਰ ਦਿੱਤਾ ਤੇ 450 ਕਰੋੜ ਦੀ ਮੂਰਤੀ ਸਥਾਪਤ ਕਰਨਾ ਵੀ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਆਉਂਦਾ ਹੈ।

ਰਾਜੂ ਖੰਨਾ ਨੇ ਕਿਹਾ ਕਿ ਜੋ ਮਹਾਂਰਿਸੀ ਵਾਲਮੀਕਿ ਜੀ ਰਮਾਇਣ ਵਿੱਚ ਲਿਖ ਗਏ ਹਨ, ਉਹ ਸਾਡੇ ਸਾਰਿਆਂ ਲਈ ਪ੍ਰੇਰਣਾ ਸਰੋਤ ਹੈ, ਜਿਸ ਨੂੰ ਰਹਿੰਦੀ ਦੁਨੀਆ ਤੱਕ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਮੰਦਿਰ ਕਮੇਟੀ ਦੇ ਪ੍ਰਧਾਨ ਡੈਨੀ ਪਾਰਚਾ ਦੀ ਅਗਵਾਈ ਵਿੱਚ ਸਮੁੱਚੀ ਟੀਮ ਵੱਲੋਂ ਮੁੱਖ ਮਹਿਮਾਨ ਗੁਰਪ੍ਰੀਤ ਸਿੰਘ ਰਾਜੂ ਖੰਨਾ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਚਰਨਜੀਤ ਚੰਨਾ, ਗੁਰਦੀਪ ਸਿੰਘ ਮੰਡੋਫਲ, ਸੋਨੂੰ ਰੇਤਾ, ਅਨਿਲ ਕੁਮਾਰ, ਮਨੋਜ ਕੁਮਾਰ, ਧਰਮਪਾਲ ਧਾਰੀਵਾਲ, ਜਤਿੰਦਰ ਕੁਮਾਰ, ਅਪਦੇਸ਼ ਮੱਟੂ, ਦੀਪਕ ਭੋਲਾ, ਚੰਚਲ ਕੁਮਾਰ, ਅਸ਼ਵਨੀ ਧਾਰੀਵਾਲ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

ਟਰੱਕ ਤੇ ਕੰਬਾਈਨ ਦੀ ਟੱਕਰ 'ਚ ਇੱਕ ਦੀ ਮੌਤ, ਇੱਕ ਜ਼ਖਮੀ

ਜਗਰਾਓਂ (ਅਮਿਤ ਖੰਨਾ)

ਰਾਏਕੋਟ ਰੋਡ ਉੱਪਰ ਢੋਲਣ ਪਿੰਡ ਦੇ ਕਰੀਬ ਇੱਕ ਕੰਬਾਈਨ ਤੇ ਟਰੱਕ ਦੀ ਆਹਮੋ ਸਾਹਮਣੇ ਜ਼ਬਰਦਸਤ ਟੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਜਾਨਲੇਵਾ ਹਾਦਸੇ ਵਿੱਚ ਕੰਬਾਈਨ ਚਾਲਕ ਜਗਸੀਰ ਸਿੰਘ ਦੀ ਮੌਤ ਹੋ ਗਈ, ਜਦਕਿ ਟਰੱਕ ਡਰਾਈਵਰ ਵੀ ਗੰਭੀਰ ਜ਼ਖਮੀ ਹੋ ਗਿਆ। ਮਰਨ ਵਾਲੇ ਡਰਾਈਵਰ ਦੇ ਭਰਾ ਜੀਵਨ ਰਾਮ ਪੁੱਤਰ ਬਾਰਾਚੰਦ ਵਾਸੀ ਬਾਦਸ਼ਾਹਪੁਰ ਜ਼ਿਲ੍ਹਾ ਸੰਗਰੂਰ ਨੇ ਦੱਸਿਆ ਕਿ ਉਸ ਦਾ ਭਰਾ ਕੰਬਾਈਨ ਚਲਾਉਣ ਦਾ ਕੰਮ ਕਰਦਾ ਹੈ ਅਤੇ ਉਹ ਆਪਣੀ ਕੰਬਾਈਨ ਉੱਪਰ ਆਪਣੇ ਸਾਥੀਆਂ ਨਾਲ ਕਾਲਾ ਸੰਘਿਆਂ ਤੋਂ ਰਾਏਕੋਟ ਵੱਲ ਨੂੰ ਜਾ ਰਹੇ ਸਨ। ਅਖਾੜੇ ਵਾਲੀ ਨਹਿਰ ਦਾ ਪੁਲ ਪਾਰ ਕਰਕੇ ਥੋੜ੍ਹੀ ਦੂਰ ਹੀ ਗਏ ਸਨ ਕਿ ਅੱਗੋਂ ਇੱਕ ਤੇਜ਼ ਰਫਤਾਰ ਟਰੱਕ, ਜੋ ਰਾਏਕੋਟ ਸਾਈਡ ਤੋਂ ਆ ਰਿਹਾ ਸੀ, ਦੇ ਡਰਾਈਵਰ ਨੇ ਬੜੀ ਲਾਪ੍ਰਵਾਹੀ ਨਾਲ ਟਰੱਕ ਨੰਬਰ ਆਰ ਜੇ 31 ਜੀ ਏ 2076 ਕੰਬਾਈਨ ਵਿੱਚ ਠੋਕ ਦਿੱਤਾ, ਜਿਸ ਨਾਲ ਕੰਬਾਈਨ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਟਰੱਕ ਚਾਲਕ ਦੇ ਵੀ ਗੰਭੀਰ ਸੱਟਾਂ ਲੱਗੀਆਂ, ਜਿਸ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਪੁਲਸ ਵੱਲੋਂ ਇਸ ਹਾਦਸੇ ਦੇ ਦੋਸ਼ੀ ਟਰੱਕ ਡਰਾਈਵਰ ਖਿਲਾਫ ਥਾਣਾ ਸਿਟੀ ਜਗਰਾਓਂ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਟੱਕਰ ਵਿੱਚ ਕੰਬਾਈਨ ਤੇ ਟਰੱਕ ਦਾ ਭਾਰੀ ਨੁਕਸਾਨ ਹੋਇਆ ਹੈ।

ਭਗਵਾਨ ਵਾਲਮੀਕ ਦਾ ਪ੍ਰਗਟ ਦਿਵਸ ਮਨਾਇਆ, ਵਿਧਾਇਕ ਨੇ ਭਰੀ ਹਾਜ਼ਰੀ

ਮਮਦੋਟ (ਜਸਬੀਰ ਸਿੰਘ ਕੰਬੋਜ)-ਕਸਬਾ ਮਮਦੋਟ ਵਿਖੇ ਸਥਿਤ ਗੁਰੂ ਗਿਆਨ ਨਿਵਾਸ ਗੁਰਦੁਆਰਾ ਸਾਹਿਬ ਵਿਖੇ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਜਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪਰਸੋਂ ਤੋਂ ਰੱਖੇ ਪਵਿੱਤਰ ਗ੍ਰੰਥ ਰਮਾਇਣ ਦੇ ਭੋਗ ਉਪਰੰਤ ਰਾਗੀ ਜਥੇ ਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਦੇਸ ਰਾਜ ਵੱਲੋਂ ਭਗਵਾਨ ਵਾਲਮੀਕ ਦੀਆਂ ਸਿਖਿਆਵਾਂ ਤੇ ਉਨ੍ਹਾ ਦੀ ਮਨੁੱਖਤਾ ਨੂੰ ਦੇਣ ਸਬੰਧੀ ਵਿਚਾਰ ਸਾਂਝੇ ਕੀਤੇ ਗਏ। ਇਸ ਸਮਾਗਮ ਵਿੱਚ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ, ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡਿਆ ਇੰਚਾਰਜ , ਸੰਜੀਵ ਕੁਮਾਰ (ਚਿੰਟੂ) ਧਵਨ ਬਲਾਕ ਪ੍ਰਧਾਨ ਸ਼ਹਿਰੀ, ਸੀਨੀਅਰ ਆਗੂ ਬਲਰਾਜ ਸਿੰਘ ਸੰਧੂ, ਦਲਜੀਤ ਸਿੰਘ ਬਾਬਾ, ਡਾਕਟਰ ਦਲਜੀਤ ਸਿੰਘ, ਹਰਪਾਲ ਸਿੰਘ ਨੀਟਾ ਸੋਢੀ ਚੇਅਰਮੈਨ ਪ੍ਰੈੱਸ ਕਲੱਬ ਮਮਦੋਟ, ਗੁਰਪ੍ਰੀਤ ਸਿੰਘ ਸੰਧੂ ਪ੍ਰਧਾਨ, ਰਵਿੰਦਰ ਸਿੰਘ ਕਾਲਾ ਸੀਨੀਅਰ ਉੱਪ ਪ੍ਰਧਾਨ, ਜਸਬੀਰ ਸਿੰਘ ਕੰਬੋਜ ਜਨਰਲ ਸਕੱਤਰ, ਸੰਦੀਪ ਸੋਨੀ, ਕਮਲ ਗਿਲ ਸੋਨੂੰ, ਨਿਸ਼ਾਨ ਸਿੰਘ ਖਾਲਸਾ, ਮੰਗਤ ਰਾਮ ਸੋਨੀ, ਪ੍ਰਦੀਪ ਕੁਮਾਰ ਦੀਪੂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਗਿਆ।

ਡਾ. ਨਿਧੀ ਨੇ ਏ ਡੀ ਸੀ ਵਜੋਂ ਅਹੁਦਾ ਸੰਭਾਲਿਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-2012 ਬੈਚ ਦੇ ਪੀਸੀਐੱਸ ਅਧਿਕਾਰੀ ਡਾ. ਨਿਧੀ ਕੁਮੁਦ ਬਾਮਬਾ ਨੇ ਵਧੀਕ ਡਿਪਟੀ ਕਮਿਸ਼ਨਰ (ਜ.) ਫਿਰੋਜ਼ਪੁਰ ਵਜੋਂ ਅਹੁਦਾ ਸੰਭਾਲ ਲਿਆ ਹੈ।ਇਸ ਤੋਂ ਪਹਿਲਾਂ ਉਹ ਬਤੌਰ ਵਧੀਕ ਡਿਪਟੀ ਕਮਿਸ਼ਨਰ (ਜ.) ਮੋਗਾ ਵਿਖੇ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ।ਅਹੁਦਾ ਸੰਭਾਲਣ ਦੌਰਾਨ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਮੁਤਾਬਕ ਲੋਕਾਂ ਨੂੰ ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਸਮੇਤ ਸਮਾਂਬੱਧ ਪ੍ਰਸ਼ਾਸਕੀ ਸੇਵਾਵਾਂ ਪ੍ਰਦਾਨ ਕਰਨ ਦੇ ਕੰਮ ਨੂੰ ਤਰਜੀਹ ਦਿੱਤੀ ਜਾਵੇਗੀ ਤੇ ਆਮ ਲੋਕਾਂ ਨੂੰ ਸਰਕਾਰੀ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਨੂੰ ਖੁਸ਼ੀ ਹੈ ਕਿ ਉਨ੍ਹਾਂ ਨੂੰ ਸ਼ਹੀਦਾਂ ਦੀ ਧਰਤੀ ਫਿਰੋਜ਼ਪੁਰ ਵਿਖੇ ਆਪਣੀਆਂ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਿਆ ਹੈ।ਉਨ੍ਹਾਂ ਇਸ ਦੌਰਾਨ ਦਫਤਰੀ ਸਟਾਫ ਨਾਲ ਪਲੇਠੀ ਜਾਣ ਪਛਾਣ ਕਰਦਿਆਂ ਦਫਤਰ ਵਿਖੇ ਪੈਂਡਿੰਗ ਕੰਮਾਂ ਬਾਰੇ ਜਾਣਕਾਰੀ ਹਾਸਲ ਕੀਤੀ ਤੇ ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕਰਨ ਲਈ ਸਟਾਫ ਨੂੰ ਪ੍ਰੇਰਿਤ ਕੀਤਾ।

ਵੋਟਰ ਬਣਨ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਕੱਢੀ ਸਾਈਕਲ ਰੈਲੀ

ਮੋਗਾ (ਅਮਰਜੀਤ ਬੱਬਰੀ)-ਹਰੇਕ ਯੋਗ ਵਿਅਕਤੀ ਦੀ ਵੋਟ ਬਣੀ ਹੋਣੀ ਯਕੀਨੀ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਏ ਦਿਨ ਲਗਾਤਾਰ ਇੱਕ ਤੋਂ ਬਾਅਦ ਇੱਕ ਜਾਗਰੂਕਤਾ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ ਤਾਂ ਕਿ ਕੋਈ ਵੀ ਯੋਗ ਵਿਅਕਤੀ ਆਪਣੀ ਵੋਟ ਬਣਵਾਉਣ ਤੋਂ ਵਾਂਝਾ ਨਾ ਰਹੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਤਰਫੋਂ ਵੋਟਰ ਬਣਨ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਕੱਢੀ ਸਾਈਕਲ ਰੈਲੀ ਦੌਰਾਨ ਕੀਤਾ।ਇਸ ਸਾਈਕਲ ਰੈਲੀ ਦੀ ਉਨ੍ਹਾ ਖੁਦ ਸਾਈਕਲ ਚਲਾ ਕੇ ਅਗਵਾਈ ਕੀਤੀ।ਇਸ ਮੌਕੇ ਉਨ੍ਹਾ ਨਾਲ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਪ੍ਰਭਦੀਪ ਸਿੰਘ ਨੱਥੋਵਾਲ, ਚੋਣ ਤਹਿਸੀਲਦਾਰ ਬਰਜਿੰਦਰ ਸਿੰਘ, ਡੀ ਐੱਮ ਕਾਲਜ ਦੇ ਪ੍ਰੋਫੈਸਰ ਗੁਰਪ੍ਰੀਤ ਸਿੰਘ ਘਾਲੀ, ਸਵੀਪ ਕੋਆਰਡੀਨੇਟਰ ਬਲਵਿੰਦਰ ਸਿੰਘ ਤੇ ਹੋਰ ਅਧਿਕਾਰੀਆਂ/ਕਰਮਚਾਰੀਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਨੌਜਵਾਨ ਹਾਜ਼ਰ ਸਨ।ਇਸ ਮੌਕੇ ਸ੍ਰ ਕੁਲਵੰਤ ਸਿੰਘ ਨੇ ਦੱਸਿਆ ਕਿ ਇਹ ਸਾਈਕਲ ਰੈਲੀ ਕੱਢਣ ਦਾ ਮੁੱਖ ਮੰਤਵ ਅੱਜ ਦੀ ਨੌਜਵਾਨ ਪੀੜ੍ਹੀ ਤੇ ਆਮ ਲੋਕਾਂ 'ਚ ਵੋਟ ਬਣਾਉਣ ਤੇ ਇਸ ਦਾ ਉੱਚਿਤ ਉਪਯੋਗ ਕਰਨ ਪ੍ਰਤੀ ਜਾਗਰੂਕ ਕਰਨਾ ਹੈ, ਕਿਉਂਕਿ ਨੌਜਵਾਨਾਂ ਦੀ ਵੋਟ ਚੰਗੇ ਲੋਕਤੰਤਰ ਦੇ ਨਿਰਮਾਣ ਕਰਨ ਵਿੱਚ ਮੀਲ ਪੱਥਰ ਸਾਬਿਤ ਹੁੰਦੀ ਹੈ।ਸਾਈਕਲ ਰੈਲੀ ਬੱਸ ਸਟੈਂਡ, ਜੋਗਿੰਦਰ ਚੌਕ, ਅਕਾਲਸਰ ਰੋਡ, ਕਬਾੜੀਆ ਬਾਜ਼ਾਰ, ਮੈਜਿਸਟਿਕ ਰੋਡ, ਮੇਨ ਬਾਜ਼ਾਰ, ਥਾਪਰ ਚੌਕ, ਨੀਵਾਂ ਪੁਲ ਤੋਂ ਹੁੰਦੀ ਹੋਈ ਨੇਚਰ ਪਾਰਕ ਵਿਖੇ ਸਮਾਪਤ ਹੋਈ।ਇਸ ਸਾਈਕਲ ਰੈਲੀ ਵਿੱਚ ਲਗਭਗ 60 ਤੋਂ ਵਧੇਰੇ ਵਿਅਕਤੀਆਂ ਨੇ ਭਾਗ ਲਿਆ।

ਕਾਤਰਾਂ

ਹੁਕਮਾਂ ਦੀ ਉਲੰਘਣਾ ਕਰਕੇ ਪਰਾਲੀ ਨੂੰ ਅੱਗ ਲਾਉਣ ਵਾਲੇ ਦਾ ਅਸਲਾ ਲਾਇਸੰਸ ਕੈਂਸਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪੰਜਾਬ ਸਰਕਾਰ ਨੇ ਪੰਜਾਬ ਵਿੱਚ ਪਰਾਲੀ ਨੂੰ ਨਾ ਸਾੜਨ ਦੇ ਕੀਤੇ ਆਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਕਿਸਾਨ ਹਰਵਿੰਦਰ ਸਿੰਘ ਪੁੱਤਰ ਮਹਿਲ ਸਿੰਘ ਵਾਸੀ ਤਲਵ

page-6-29-(OCTO)-2023-G-(BV).qxd 10/28/2023 8:41 PM Page 1

ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਗੁਰਮਤਿ ਸਮਾਗਮ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੇ ਦਿਸ਼ਾ ਨਿਰਦੇਸਾਂ ਤਹਿਤ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਭਗਵਾਨ ਬਾਲਮੀਕ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ। ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਦੱਸਿਆ ਕਿ ਇਸ ਗੁਰਮਤਿ ਸਮਾਗਮ ਦੌਰਾਨ ਕਾਲਜ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸੰਗਤੀ ਰੂਪ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ, ਅਨੰਦ ਸਾਹਿਬ ਦੇ ਪਾਠ ਅਤੇ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਕਾਲਜ ਪ੍ਰੋਫੈਸਰ ਅਜੈਪਾਲ ਸਿੰਘ ਤੇ ਮਿਊਜ਼ਿਕ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਰਸ ਭਿੰਨੀ ਬਾਣੀ ਦਾ ਕੀਰਤਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਅਤੇ ਭਗਵਾਨ ਬਾਲਮੀਕ ਜੀ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਨੇ ਵਿਦਿਆਰਥੀ ਵਰਗ ਨੂੰ ਗੁਰੂ ਸਾਹਿਬ ਦੁਆਰਾ ਦੱਸੇ ਨੇਕੀ ਅਤੇ ਸੱਚਾਈ ਦੇ ਰਸਤੇ 'ਤੇ ਚੱਲਣ ਦੀ ਤਾਕੀਦ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਧਰਮ ਅਤੇ ਸਦਾਚਾਰ ਦੇ ਰਸਤੇ 'ਤੇ ਚੱਲਣ ਦੀ ਗੱਲ ਵੀ ਆਖੀ। ਇਸ ਮੌਕੇ ਕਾਲਜ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

ਡਾਇਨਾਮਿਕ ਗਰੁੱਪ ਆਫ ਰੰਘਰੇਟਾ'ਜ਼ ਦੇ ਸਮਾਗਮ ਦੀਆਂ ਤਿਆਰੀਆਂ ਮੁਕੰਮਲ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਡਾਇਨਾਮਿਕ ਗਰੁੱਪ ਆਫ ਰੰਘਰੇਟਾ'ਜ਼ (ਡੀਜੀਆਰ) ਦੇ ਚੀਫ ਆਰਗੇਨਾਈਜ਼ਰ ਅਤੇ ਸਾਬਕਾ ਏਡੀਜੀਪੀ (ਸੇਵਾਮੁਕਤ) ਗੁਰਦੇਵ ਸਿੰਘ ਸਹੋਤਾ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਅਦੁੱਤੀ ਜਰਨੈਲ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ 29 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਡੀਜੀਆਰ ਵੱਲੋਂ ਇਸ ਵਾਰ ਵੱਖ-ਵੱਖ ਖੇਤਰਾਂ 'ਚ ਸ਼ਲਾਘਾਯੋਗ ਕੰਮ ਕਰਨ ਵਾਲੀਆਂ 12 ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ। ਇਸੇ ਤਰ੍ਹਾਂ ਸਮਾਜ ਦੇ ਹੋਣਹਾਰ ਵਿਦਿਆਰਥੀਆਂ ਨੂੰ ਵੀ ਯੋਗ ਇਨਾਮ ਦਿੱਤੇ ਜਾਣਗੇ। ਇਨ੍ਹਾਂ ਵਿਦਿਆਰਥੀਆਂ ਦਾ ਆਮ ਜਾਣਕਾਰੀ ਦਾ ਟੈਸਟ 28 ਅਕਤੂਬਰ ਨੂੰ ਲਿਆ ਜਾ ਰਿਹਾ ਹੈ। ਸਹੋਤਾ ਨੇ ਦੱਸਿਆ ਕਿ ਇਸ ਸਬੰਧੀ ਸਮਾਗਮ ਅੰਮ੍ਰਿਤਸਰ ਦੇ ਰਾਮ ਤੀਰਥ ਰੋਡ ਤੇ ਸਥਿਤ ਹੋਟਲ ਹੈਵਨ ਬਲਿਊ ਪੁਤਲੀਘਰ ਵਿਖੇ ਹੋਵੇਗਾ। ਇਸ ਮੌਕੇ ਜਿਨ੍ਹਾਂ 12 ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ, ਉਨ੍ਹਾਂ 'ਚ ਗੀਤਕਾਰ ਕੁਲਦੀਪ ਕੰਡਿਆਰਾ, ਗਾਇਕਾ ਅਟਵਾਲ ਸਿਸਟਰਜ਼, ਡਾ. ਸਰਬਜੀਤ ਸਿੰਘ, ਇਕਬਾਲ ਸਿੰਘ, ਪ੍ਰਲਾਦ ਸਿੰਘ, ਖਜਾਨ ਸਿੰਘ (ਤਿੰਨੋ ਸੇਵਾ ਮੁਕਤ ਡੀ ਐੱਸ ਪੀ), ਇੰਜੀਨੀਅਰ ਛਿੰਦਰਪਾਲ ਸਿੰਘ, ਪ੍ਰਿੰਸੀਪਲ ਬਲਵਿੰਦਰ ਸਿੰਘ, ਜਸਵੰਤ ਸਿੰਘ, ਕੇਵਲ ਕੁਮਾਰ, ਏਓਐਲਆਈਸੀ ਹਰਬੰਸ ਸਿੰਘ, ਆਗਿਆਪਾਲ ਸਿੰਘ ਸ਼ਾਮਿਲ ਹਨ। ਇਸੇ ਤਰ੍ਹਾਂ ਡਾ. ਸਤਨਾਮ ਸਿੰਘ ਕਮਾਲਕੇ ਅਤੇ ਡਾ. ਅਵਤਾਰ ਸਿੰਘ ਵੱਲੋਂ ਸਹੀਦ ਬਾਬਾ ਜੀਵਨ ਸਿੰਘ ਦੇ ਜੀਵਨ ਤੇ ਘਟਨਾਵਾਂ ਤੇ ਜਾਣਕਾਰੀ ਦਿੱਤੀ ਜਾਵੇਗੀ। ਸਮਾਗਮ ਦੌਰਾਨ ਅਦਾਕਾਰ ਰੰਗ ਹਰਜਿੰਦਰ ਅਤੇ ਟੀਮ ਵੱਲੋਂ ਡਾ. ਭੀਮ ਰਾਓ ਅੰਬੇਦਕਰ ਤੇ ਗੀਤ ਪੇਸ਼ ਕੀਤਾ ਜਾਵੇਗਾ।

ਸਿੱਖ ਫ਼ੋਰਮ ਝਾਰਖੰਡ ਨੇ ਰਾਂਚੀ ਵਿਖੇ ਲਗਾਇਆ ਛੇ ਰੋਜ਼ਾ ਗੁਰਮਤਿ ਕੈਂਪ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੂਰਬੀ ਭਾਰਤ ਅੰਦਰ ਸਿੱਖੀ ਪ੍ਰਚਾਰ ਲਈ ਸਰਗਰਮ ਧਾਰਮਿਕ ਸੰਸਥਾ ਸਿੱਖ ਫ਼ੋਰਮ ਅਤੇ ਸਿੱਖ ਵੈਲਫੇਅਰ ਐਸੋਸੀਏਸ਼ਨ ਕੋਲਕਾਤਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਗਾਏ ਗਏ 53ਵੇਂ ਗੁਰਮਤਿ ਸਿੱਖਿਆ ਕੈਂਪ ਦਾ ਮੁੱਖ ਸਮਾਗਮ ਗੁਰੂ ਨਾਨਕ ਸੈਕੰਡਰੀ ਸਕੂਲ ਰਾਂਚੀ (ਝਾਰਖੰਡ) ਵਿਖੇ ਹੋਇਆ। ਛੇ ਰੋਜ਼ਾ ਗੁਰਮਤਿ ਕੈਂਪ ਦੇ ਇਸ ਸਮਾਪਤੀ ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਅਤੇ ਅੰਤ੍ਰਿੰਗ ਮੈਂਬਰ ਪਰਮਜੀਤ ਸਿੰਘ ਖਾਲਸਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਕੈਂਪ ਵਿਚ ਪੂਰਬੀ ਭਾਰਤ ਦੇ ਪੰਜ ਸੂਬਿਆਂ ਤੋਂ ਵੱਡੀ ਗਿਣਤੀ 'ਚ ਬੱਚਿਆਂ ਨੇ ਭਾਗ ਲੈ ਕੇ ਗੁਰਬਾਣੀ ਸੰਥਿਆ, ਧਾਰਮਿਕ ਸਿੱਖਿਆ, ਸ਼ਬਦ ਕੀਰਤਨ ਅਤੇ ਸਿੱਖ ਰਹਿਤ ਮਰਯਾਦਾ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਦੇ ਨਾਲ ਹੀ ਕੈਂਪ ਦੌਰਾਨ ਬੱਚਿਆਂ ਨੂੰ ਦਸਤਾਰ ਤੇ ਦੁਮਾਲਾ ਸਜਾਉਣ ਦੀ ਵੀ ਸਿੱਖਿਆ ਦਿੱਤੀ ਗਈ। ਸਮਾਪਤੀ ਸਮਾਗਮ ਮੌਕੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਵਿਰਸਾ ਪੂਰੀ ਦੁਨੀਆਂ ਅੰਦਰ ਇਕ ਵੱਖਰੀ ਪਛਾਣ ਨਾਲ ਰੂਬਰੂ ਹੈ। ਪੰਜਾਬ ਤੋਂ ਬਾਹਰਲੇ ਸੂਬਿਆਂ ਅਤੇ ਵਿਦੇਸ਼ਾਂ ਅੰਦਰ ਸਿੱਖਾਂ ਨੇ ਆਪਣੇ ਇਤਿਹਾਸ ਅਤੇ ਸਿਧਾਂਤਾਂ ਤੋਂ ਪ੍ਰੇਰਣਾ ਲੈ ਕੇ ਵੱਡੇ ਮੁਕਾਮ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਅਗਲੀ ਪੀੜੀ ਨੂੰ ਆਪਣੇ ਵਿਰਸੇ ਨਾਲ ਜੋੜੀ ਰੱਖਣ ਲਈ ਕੀਤਾ ਜਾਂਦਾ ਹਰ ਯਤਨ ਸ਼ਲਾਘਾਯੋਗ ਹੈ ਅਤੇ ਇਸੇ ਦਿਸ਼ਾ ਵਿਚ ਸਿੱਖ ਫ਼ੋਰਮ ਅਤੇ ਸਿੱਖ ਵੈੱਲਫੇਅਰ ਐਸੋਸੀਏਸ਼ਨ ਦਾ ਇਹ ਉਪਰਾਲਾ ਖਾਸ ਮਹੱਤਵ ਰੱਖਦਾ ਹੈ।

ਟੀਸੀ ਇੰਟਰਨੈਸ਼ਨਲ ਸਕੂਲ ਵੱਲੋਂ ਵਿੱਦਿਅਕ ਟੂਰ ਆਯੋਜਿਤ

ਗੁਰਦਾਸਪੁਰ, (ਦਿਨੇਸ਼ ਕੁਮਾਰ)- ਸਥਾਨਕ ਬਹਿਰਾਮਪੁਰ ਰੋਡ ਤੇ ਸਥਿਤ ਟੀ.ਸੀ.ਇੰਟਰਨੈਸ਼ਨਲ ਸਕੂਲ ਦੇ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਬੌਧਿਕ ਗਿਆਨ ਲਈ ਵਿੱਦਿਅਕ ਟੂਰ ਲਗਾਇਆ ਗਿਆ। ਵਿੱਦਿਅਕ ਟੂਰ ਸਾਇੰਸ ਸਿਟੀ ਜਲੰਧਰ ਵਿਖੇ ਗਿਆ। ਟੂਰ ਦੌਰਾਨ ਵਿਦਿਆਰਥੀਆਂ ਨੇ ਮਨੋਰੰਜਨ ਦੇ ਨਾਲ-ਨਾਲ ਵਿਗਿਆਨ ਦੇ ਭੇਦ ਵੀ ਜਾਣੇ ਅਤੇ ਆਪਣੇ ਗਿਆਨ ਵਿੱਚ ਵਾਧਾ ਕੀਤਾ। ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਕਿਹਾ ਕਿ ਬੱਚਿਆਂ ਲਈ ਪੜ੍ਹਾਈ ਦੇ ਨਾਲ-ਨਾਲ ਸਫਰ ਕਰਨਾ ਜ਼ਰੂਰੀ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਕੂਲ ਵੱਲੋਂ ਸਮੇਂ-ਸਮੇਂ 'ਤੇ ਵਿਦਿਆਰਥੀਆਂ ਲਈ ਵਿੱਦਿਅਕ ਟੂਰ ਕਰਵਾਏ ਜਾਂਦੇ ਹਨ ਤਾਂ ਜੋ ਉਨ੍ਹਾਂ ਦੇ ਬੌਧਿਕ ਗਿਆਨ ਵਿੱਚ ਵਾਧਾ ਹੁੰਦਾ ਰਹੇ। ਉਨ੍ਹਾਂ ਟੂਰ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ।

ਭਾਈ ਗੁਰਇਕਬਾਲ ਸਿੰਘ ਵੱਲੋਂ ਪ੍ਰਕਾਸ਼ ਪੁਰਬ ਦੀਆਂ ਵਧਾਈਆਂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਸਜਾਏ ਗਏ ਨਗਰ ਕੀਰਤਨ ਦਾ ਹਾਥੀ ਗੇਟ ਤੇ ਪਹੁੰਚਣ ਤੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਇਸ ਮੌਕੇ ਭਾਈ ਗੁਰਇਕਬਾਲ ਸਿੰਘ ਜੀ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਜਾਏ ਗਏ ਨਗਰ ਕੀਰਤਨ ਦਾ ਹਾਥੀ ਗੇਟ 'ਤੇ ਪਹੁੰਚਣ ਤੇ ਨਗਰ ਕੀਰਤਨ ਦਾ ਭਰਪੂਰ ਸਵਾਗਤ ਕੀਤਾ ਗਿਆ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਲਈ ਗੁਰੂ ਕੇ ਲੰਗਰ ਚਾਹ ਤੇ ਨਮਕੀਨ ਚਾਵਲ ਅਤੇ ਫਰੂਟ ਦੇ ਲੰਗਰ ਅਟੁੱਟ ਵਰਤਾਏ ਗਏ।

ਨਗਰ ਕੀਰਤਨ ਦੀ ਅਗਵਾਈ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜ ਪਿਆਰਿਆਂ ਦਾ ਫੁੱਲਾਂ ਦੀ ਵਰਖਾ ਕਰਕੇ ਜੈਕਾਰਿਆਂ ਦੀ ਗੂੰਜ ਨਾਲ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ ਧਾਰਮਿਕ ਸਟੇਜ ਵੀ ਲਗਾਈ ਗਈ ਜਿਸ ਵਿੱਚ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਪ੍ਰਮੁੱਖ ਜੱਥਿਆਂ ਤੋਂ ਇਲਾਵਾ ਭਾਈ ਗੁਰਇਕਬਾਲ ਸਿੰਘ ਜੀ ਨੇ ਸ਼ਬਦ ਕੀਰਤਨ ਦੀਆਂ ਹਾਜਰੀਆ ਭਰੀਆਂ। ਇਸ ਮੌਕੇ ਭਾਈ ਗੁਰਇਕਬਾਲ ਸਿੰਘ ਜੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਨਗਰ ਕੀਰਤਨ ਵਿੱਚ ਸ਼ਾਮਲ ਹੋ ਕੇ ਰੌਣਕਾਂ ਵਧਾਈਆਂ। ਇਸ ਮੌਕੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਡਾਕਟਰ ਸੁਰਜੀਤ ਸਿੰਘ ਦਾਲਮ ਵਲੋਂ ਨਿਸ਼ਕਾਮ ਸੇਵਾ ਕਰਦਿਆ ਮੈਡੀਕਲ ਕੈਂਪ ਵੀ ਲਗਾਇਆ ਗਿਆ ।

ਜੱਜ/ਵਕੀਲ ਬਣਨ 'ਤੇ ਸਰਪੰਚ ਵੱਲੋਂ ਮਾਣ-ਸਨਮਾਨ

ਝਬਾਲ (ਹਰਜਿੰਦਰ ਸਿੰਘ ਸੋਨੀ)-ਪਿੰਡ ਝਬਾਲ ਖੁਰਦ ਤੋਂ ਡੀਐੱਸਪੀ ਹਰਿੰਦਰਜੀਤ ਸਿੰਘ ਦੇ ਬੱਚੇ ਲੜਕੀ ਅਮਾਨਤਪ੍ਰੀਤ ਕੌਰ ਜੱਜ ਅਤੇ ਲੜਕਾ ਅਮਰਜੀਤ ਸਿੰਘ ਵਕੀਲ ਬਣੇ। ਝਬਾਲ ਕਲਾਂ ਤੋਂ ਮੀਨਾਕਸ਼ੀ ਪੁੱਤਰੀ ਸੁਭਾਸ਼ ਚੰਦਰ ਜੱਜ ਬਣੀ ਤੇ ਇਨ੍ਹਾਂ ਤਿੰਨਾਂ ਬੱਚਿਆਂ ਵਿੱਚੋਂ ਦੋ ਲੜਕੀਆਂ ਅਤੇ ਇੱਕ ਲੜਕੇ ਨੇ ਆਪਣੇ ਮਾਪਿਆਂ ਤੇ ਪਿੰਡ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਨ੍ਹਾਂ ਤਿੰਨਾਂ ਬੱਚਿਆਂ ਨੇ ਜੱਜ ਅਤੇ ਵਕੀਲ ਬਣਨ ਦੀ ਖੁਸ਼ੀ ਵਿੱਚ ਸਰਪੰਚ ਬਘੇਲ ਸਿੰਘ ਵਾਲਾ ਅਮਰਜੀਤ ਸਿੰਘ (ਪੰਚਾਇਤ ਬਘੇਲ ਸਿੰਘ ਵਾਲਾ) ਵੱਲੋਂ ਗੁਰਦੁਆਰਾ ਬਾਬਾ ਸਧਾਣਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਸਰਪੰਚ ਅਮਰਜੀਤ ਸਿੰਘ ਅਤੇ ਬਾਬਾ ਬਘੇਲ ਸਿੰਘ ਵਾਲੇ ਦੀ ਸਮੂਹ ਪ੍ਰਚਾਇਤ ਵੱਲੋਂ ਜੱਜ ਬਣੀਆਂ ਲੜਕੀਆਂ ਤੇ ਵਕੀਲ ਬਣੇ ਲੜਕੇ ਨੂੰ ਬਾਬਾ ਸਧਾਣਾ ਸਾਹਿਬ ਦੇ ਸਰੂਪ ਵਾਲੀਆਂ ਫੋਟੋਆਂ ਅਤੇ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਅਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਬੱਚਿਆਂ ਨੇ ਵੀ ਬਾਬਾ ਸਧਾਣਾ ਸਾਹਿਬ ਦਾ ਕੋਟਨ-ਕੋਟਿ ਧੰਨਵਾਦ ਕੀਤਾ। ਇਸ ਮੌਕੇ ਗੁਰੂ ਕੇ ਲੰਗਰ ਅਤੂੱਟ ਵਰਤਾਏ ਗਏ। ਇਸ ਮੌਕੇ ਸਰਪੰਚ ਅਮਰਜੀਤ ਸਿੰਘ ਤੋਂ ਇਲਾਵਾ ਪ੍ਰਧਾਨ ਬਲਜੀਤ ਸਿੰਘ ਬੱਲੂ, ਸੈਕਟਰੀ ਕਸ਼ਮੀਰ ਸਿੰਘ ਫੌਜੀ, ਸੈਕਟਰੀ ਗੁਰਭੇਜ ਸਿੰਘ, ਬਲਵਿੰਦਰ ਸਿੰਘ, ਨਿਸ਼ਾਨ ਸਿੰਘ, ਮੇਜਰ ਸਿੰਘ, ਡਾ. ਮਲਕੀਤ ਸਿੰਘ, ਲਖਬੀਰ ਸਿੰਘ, ਅਰਵਿੰਦਰ ਸਿੰਘ ਪੱਪੂ, ਗ੍ਰੰਥੀ ਬਾਬਾ ਗੁਰਸੇਵਕ ਸਿੰਘ, ਝਬਾਲ ਖੁਰਦ ਤੋਂ ਸਰਪੰਚ ਹਰਪ੍ਰੀਤ ਸਿੰਘ ਹੈਪੀ, ਬਾਬਾ ਅਜਮੇਰ ਸਿੰਘ, ਨੰਬਰਦਾਰ ਕਲਵੰਤ ਸਿੰਘ ਅਤੇ ਹੋਰ ਮੋਹਤਬਰ ਵਿਅਕਤੀ ਹਾਜ਼ਰ ਸਨ।

ਅਹਿਮਦੀਆ ਸੰਸਥਾਵਾਂ ਦੇ ਸਾਲਾਨਾ ਸਮਾਰੋਹ ਪੂਰੀ ਸ਼ਾਨੋ-ਸ਼ੌਕਤ ਨਾਲ ਆਰੰਭ

ਕਾਦੀਆਂ (ਯਾਦਵਿੰਦਰ ਸਿੰਘ)— ਮੁਸਲਿਮ ਜਮਾਤ ਅਹਿਮਦੀਆ ਦੇ ਲੋਕਾਂ ਨੂੰ ਉਮਰ ਦੇ ਲਿਹਾਜ਼ ਨਾਲ ਤਿੰਨ ਵੱਖ-ਵੱਖ ਸੰਸਥਾਵਾਂ ਵਿੱਚ ਵੰਡਿਆ ਗਿਆ ਹੈ ਅਤੇ ਹਰ ਵਿਅਕਤੀ ਦੀ ਮਾਨਸਿਕ ਯੋਗਤਾ ਅਤੇ ਉਮਰ ਦੇ ਤਕਾਜ਼ੇ ਨੂੰ ਸਾਹਮਣੇ ਰੱਖਦਿਆਂ ਇਨ੍ਹਾਂ ਦੀ ਸਿੱਖਿਆ ਅਤੇ ਤਰਬੀਅਤ ਕੀਤੀ ਜਾਂਦੀ ਹੈ ਤਾਂ ਜੋ ਕੌਮ ਅਤੇ ਵਤਨ ਦੇ ਲਈ ਇਨਾਂ ਨੂੰ ਇੱਕ ਵਧੀਆ ਇਨਸਾਨ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਨਸਾਰਉਲਾਹ ਅਰਥਾਤ 'ਅੱਲ੍ਹਾ ਦੇ ਮਦਦਗਾਰ' ਮੁਸਲਿਮ ਜਮਾਤ ਅਹਿਮਦੀਆ ਦੇ ਉਹ ਵਿਅਕਤੀ ਜਿਨ੍ਹਾਂ ਦੀ ਉਮਰ 40 ਸਾਲ ਤੋਂ ਵੱਧ ਹੈ ਇਸ ਸੰਸਥਾ ਦੇ ਤਹਿਤ ਸਾਰਾ ਸਾਲ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸਮਾਜ ਦੇ ਬਜ਼ੁਰਗ ਅਤੇ ਵੱਡੀ ਉਮਰ ਦੇ ਲੋਕਾਂ ਦੇ ਤਜਰਬੇ ਅਤੇ ਨਮੂਨੇ ਤੋਂ ਲਾਭ ਚੁੱਕਦਿਆਂ ਕੌਮ ਅਤੇ ਵਤਨ ਦੀ ਭਲਾਈ ਲਈ ਉਨ੍ਹਾਂ ਦਾ ਕਿਰਦਾਰ ਨਿਭਾਉਣ ਦੇ ਲਈ ਉਨ੍ਹਾਂ ਨੂੰ ਸਹੀ ਅਰਥਾਂ ਵਿੱਚ ਤਿਆਰ ਕੀਤਾ ਜਾਵੇ । ਮਜਲਿਸ ਖੁਦਾਮ ਉਲ ਅਹਿਮਦੀਆ ਜਮਾਤ ਅਹਿਮਦੀਆ ਦੇ ਨੌਜਵਾਨਾਂ ਦੀ ਸੰਸਥਾ ਹੈ ਜਿਸ ਦਾ ਮਕਸਦ ਨੌਜਵਾਨਾਂ ਦੀ ਇਹੋ ਜਿਹੀ ਤਰਬੀਅਤ ਕਰਨਾ ਹੈ ਜਿਸ ਦੇ ਨਤੀਜੇ ਵਿੱਚ ਉਹ ਚੰਗੇ ਆਚਰਣ ਅਤੇ ਪੱਕੇ ਇਰਾਦੇ ਦੇ ਮਾਲਕ ਹੋਣ। ਕੌਮ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਵਧੀਆ ਕਿਰਦਾਰ ਨਿਭਾ ਸਕਣ ਅਤੇ ਇਨਸਾਨੀਅਤ ਦੀ ਸੇਵਾ ਕਰ ਸਕਣ। ਲੱਜਨਾ ਇਮਾਊਂਲਾਹ ਮੁਸਲਿਮ ਜਮਾਤ ਅਹਿਮਦੀਆ ਦੀਆਂ ਔਰਤਾਂ ਦੀ ਉਹ ਸੰਸਥਾ ਹੈ ਜਿਸ ਦੇ ਤਹਿਤ ਔਰਤਾਂ ਨੂੰ ਸਮਾਜ ਦੀ ਸਿਰਜਣਾ ਵਿੱਚ ਉਨ੍ਹਾਂ ਦੀਆਂ ਅਹਿਮ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਲਈ ਤਿਆਰ ਕੀਤਾ ਜਾਂਦਾ ਹੈ। ਲੜਕੀਆਂ ਨੂੰ ਉੱਚ ਸਿੱਖਿਆ ਦੇ ਲਈ ਉਨਾਂ ਦੇ ਚੰਗੇ ਆਚਰਨ ਅਤੇ ਪਾਕ ਦਾਮਨੀ ਵੱਲ ਉਨ੍ਹਾਂ ਦਾ ਧਿਆਨ ਦਿਵਾਉਣ। ਇਸ ਸਮਾਰੋਹ ਦਾ ਮਕਸਦ ਮੁਸਲਿਮ ਜਮਾਤ ਅਹਿਮਦੀਆ ਦੇ ਲੋਕਾਂ ਨੂੰ ਰੱਬ ਦੇ ਨਾਲ ਅਤੇ ਰੱਬ ਦੀ ਮਖਲੂਕ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਹਵਾਲ

29--Otc-PAGE- 7 qxd.qxd 10/28/2023 8:42 PM Page 1

ਜੌੜਾਮਾਜਰਾ ਵੱਲੋਂ ਸੂਬੇ 'ਚ ਖੁੰਬ ਉਤਪਾਦਨ ਨੂੰ ਪ੍ਰਫੁੱਲਿਤ ਕਰਨ ਲਈ ਹੰਭਲਾ ਮਾਰਨ ਦੀ ਹਦਾਇਤ

ਚੰਡੀਗੜ੍ਹ (ਗੁਰਜੀਤ ਬਿੱਲਾ)— ਪੰਜਾਬ ਦੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜੇਮਾਜਰਾ ਨੇ ਵੱਖ-ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਵਿੱਚ ਖੁੰਬ ਉਤਪਾਦਨ ਦੇ ਕਿੱਤੇ ਨੂੰ ਪ੍ਰਫੁੱਲਿਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ ਤਾਂ ਜੋ ਫ਼ਸਲੀ ਵਿਭਿੰਨਤਾ ਨੂੰ ਹੁਲਾਰਾ ਮਿਲ ਸਕੇ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋ ਸਕੇ। ਉਨ੍ਹਾਂ ਸੀਜ਼ਨ ਦੌਰਾਨ ਮੰਡੀਆਂ ਵਿੱਚ ਖੁੰਬਾਂ ਦੀ ਵਧੇਰੇ ਆਮਦ ਅਤੇ ਘੱਟ ਰੇਟ ਤੋਂ ਬਚਾਉਣ ਲਈ ਵਾਧੂ ਖੁੰਬਾਂ ਨੂੰ ਪ੍ਰੋਸੈਸਿੰਗ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਸੂਬੇ ਦੇ ਖੁੰਬ ਉਤਪਾਦਕਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਪੰਜਾਬ ਭਵਨ ਵਿਖੇ ਵੱਖ-ਵੱਖ ਅੱਠ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜੌੜਾਮਾਜਰਾ ਨੇ ਕਿਹਾ ਕਿ ਖੁੰਬ ਉਤਪਾਦਨ ਖੇਤੀਬਾੜੀ ਨਾਲ ਜੁੜਿਆ ਕਿੱਤਾ ਹੈ, ਇਸ ਲਈ ਇਸ ਕਿੱਤੇ ਨੂੰ ਫੈਕਟਰੀ ਐਕਟ ਤੋਂ ਬਾਹਰ ਕੱਢਿਆ ਜਾਵੇ ਅਤੇ ਇਸ ਕਾਰਵਾਈ ਨੂੰ ਸਮਾਂਬੱਧ ਕਰਕੇ ਜਲਦੀ ਨਿਪਟਾਰਾ ਕੀਤਾ ਜਾਵੇ। ਕੈਬਨਿਟ ਮੰਤਰੀ ਨੇ ਲੇਬਰ ਵਿਭਾਗ ਤੋਂ ਡਿਪਟੀ ਡਾਇਰੈਕਟਰ ਫ਼ੈਕਟਰੀਜ਼ ਇੰਜੀਨੀਅਰ ਦਵਾਰਕਾ ਦਾਸ ਨੂੰ ਕਿਹਾ ਕਿ ਉਹ ਖੁੰਬ ਯੂਨਿਟਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਕਰਕੇ ਤੁਰੰਤ ਰਿਪੋਰਟ ਦੇਣ। ਕੈਬਨਿਟ ਮੰਤਰੀ ਨੇ ਬਾਗਬਾਨੀ ਵਿਭਾਗ ਦੇ ਡਾਇਰੈਕਟਰ ਸ਼੍ਰੀਮਤੀ ਸ਼ੈਲੋਂਦਰ ਕੌਰ ਨੂੰ ਆਦੇਸ਼ ਦਿੱਤੇ ਕਿ ਵਿਭਾਗ ਵੱਲੋਂ ਕੋਲਡ ਸਟੋਰਾਂ ਲਈ ਸੋਲਰ ਪੈਨਲ ਲਾਉਣ 'ਤੇ ਦਿੱਤੀ ਜਾਂਦੀ ਸਬਸਿਡੀ ਦੀ ਤਰਜ਼ 'ਤੇ ਖੁੰਬ ਉਤਪਾਦਕਾਂ ਨੂੰ ਵੀ ਇਸ ਸਕੀਮ ਅਧੀਨ ਲਿਆਂਦਾ ਜਾਵੇ। ਉਨ੍ਹਾਂ ਡਾਇਰੈਕਟਰ ਬਾਗਬਾਨੀ ਨੂੰ ਤੁਰੰਤ ਅਜਿਹੀ ਸਕੀਮ ਬਣਾ ਕੇ ਪ੍ਰਵਾਨਗੀ ਲਈ ਸਰਕਾਰ ਨੂੰ ਭੇਜਣ ਲਈ ਕਿਹਾ।

ਬਾਗ਼ਬਾਨੀ ਮੰਤਰੀ ਨੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਲੀਗਲ ਮੈਟਰੋਲੌਜੀ ਵਿੰਗ ਦੇ ਕੰਟੋਰੋਲਰ ਏ.ਐਸ. ਸ਼ਰਮਾ ਨੂੰ ਹਦਾਇਤ ਕੀਤੀ ਕਿ ਕਿਉਂ ਜੋ ਖੁੰਬ ਉਤਪਾਦਨ ਖੇਤੀਬਾੜੀ ਨਾਲ ਜੁੜਿਆ ਕਿੱਤਾ ਹੈ, ਇਸ ਲਈ ਇਸ ਕਿੱਤੇ ਨੂੰ ਭਾਰਤ ਸਰਕਾਰ ਦੇ ਲੀਗਲ ਮੈਟਰੋਲੌਜੀ ਕਾਨੂੰਨ ਤੋਂ ਛੋਟ ਦੇਣ ਦੀ ਵਿਵਸਥਾ ਕੀਤੀ ਜਾਵੇ। ਬਾਗ਼ਬਾਨੀ ਮੰਤਰੀ ਨੇ ਖੁੰਬ ਉਤਪਾਦਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀਆਂ ਮੰਗਾਂ ਸਬੰਧੀ ਵਿਸਥਾਰਤ ਵੇਰਵਾ ਸਬੰਧਤ ਵਿਭਾਗਾਂ ਨਾਲ ਵੀ ਲਿਖਤੀ ਤੌਰ 'ਤੇ ਸਾਂਝਾ ਕਰਨ। ਮੀਟਿੰਗ ਵਿੱਚ ਸ਼੍ਰੀਮਤੀ ਕਨੂੰ ਥਿੰਦ, ਸੰਯੁਕਤ ਡਾਇਰੈਕਟਰ ਇੰਡਸਟ੍ਰੀਜ਼, ਵਿਸ਼ਵ ਬੰਧੂ ਸੰਯੁਕਤ ਡਾਇਰੈਕਟਰ, ਸ਼੍ਰੀਮਤੀ ਪੂਨਮ ਆਰ.ਜੋਸ਼ੀ ਵਧੀਕ ਐਲ.ਆਰ. ਅਤੇ ਹੋਰ ਅਧਿਕਾਰੀ ਹਾਜ਼ਰ ਸਨ।

ਨਗਰ ਕੌਂਸਲ ਦੇ ਈ ਓ ਖਿਲਾਫ ਧਰਨਾ ਪ੍ਰਦਰਸ਼ਨ 3 ਨੂੰ : ਪੱਬਵਾਂ / ਸੰਧੂ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਕਹਿੰਦੇ ਹਨ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਏ ਤਾਂ ਉਸਦਾ ਇੰਤਜਾਮ ਆੜੇ ਹੱਥੀਂ ਕਰਨਾ ਪੈਂਦਾ ਹੈ। ਇਹਨਾਂ ਸ਼ਬਦਾਂ ਦਾ ਉਚਾਰਣ ਸਰਕਾਰੀ ਸਕੂਲ ਬਚਾਓ ਮੋਰਚਾ ਨੂਰਮਹਿਲ ਦੇ ਸਿਪਾਸਿਲਾਰਾਂ ਵੱਲੋਂ ਨਗਰ ਕੌਂਸਲ ਨੂਰਮਹਿਲ ਦੇ ਕਾਰਜ ਸਾਧਕ ਅਫਸਰ ਅਤੇ ਹਲਕਾ ਵਿਧਾਇਕ ਇੰਦਰਜੀਤ ਕੌਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਆਸ ਪਾਸ ਦੇ ਵਸਨੀਕਾਂ ਪ੍ਰਤੀ ਭੈੜੀ ਸੋਚ ਰੱਖਣ ਦੇ ਇਵਜ ਵਿੱਚ ਕਹੇ। ਪੇਂਡੂ ਮਜਦੂਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਹੰਸ ਰਾਜ ਪੱਬਵਾ ਅਤੇ ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਕਿਹਾ ਕਿ ਮੋਰਚੇ ਵੱਲੋਂ ਅਸੀਂ ਲਿਖਤੀ ਤੌਰ ਤੇ ਈ.ਓ ਨੂਰਮਹਿਲ ਅਤੇ ਵਿਧਾਇਕ ਇੰਦਰਜੀਤ ਕੌਰ ਨੂੰ ਮੰਗ ਪੱਤਰ / ਯਾਦ ਪੱਤਰ / ਸ਼ਿਕਾਇਤ ਪੱਤਰ ਦੇ ਚੁੱਕੇ ਹਾਂ ਕਿ ਉਸਾਰੀ ਅਧੀਨ ਸਰਕਾਰੀ ਸਕੂਲ ਦੀਆਂ ਨੀਹਾਂ ਵਿੱਚ ਸ਼ਹਿਰ ਦਾ ਪਾਣੀ ਲਗਾਤਾਰ ਪੈ ਰਿਹਾ ਹੈ ਜਿਸ ਕਾਰਨ ਜਿੱਥੇ ਸਕੂਲ ਦੀ ਇਮਾਰਤ 'ਤੇ ਖਤਰਾ ਮੰਡਰਾ ਰਿਹਾ ਹੈ ਉੱਥੇ ਸਕੂਲ ਦੇ ਆਸ ਪਾਸ ਰਹਿਣ ਵਾਲੇ ਲੋਕ ਵੀ ਡੇਂਗੂ, ਮਲੇਰੀਆ ਆਦਿ ਵਰਗੀਆਂ ਭਿਆਨਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਪਰ ਈ.ਓ ਨੂਰਮਹਿਲ ਅਤੇ ਵਿਧਾਇਕ ਇੰਦਰਜੀਤ ਕੌਰ ਲੋਕਾਂ ਦੀ ਸਿਹਤ ਸੰਭਾਲ ਅਤੇ ਸਰਕਾਰੀ ਸਕੂਲ ਦੀ ਇਮਾਰਤ ਪ੍ਰਤੀ ਅਤਿਅੰਤ ਲਾਪਰਵਾਹ ਹਨ। ਲੋਕਾਂ ਦੀ ਨੇਕ ਕਮਾਈ ਚੋਂ ਲੱਖਾਂ ਰੁਪਏ ਤਨਖਾਹ ਲੈਣ ਵਾਲਾ ਅਫਸਰ ਅਤੇ ਲੋਕਾਂ ਦੀਆਂ ਵੋਟਾਂ ਨਾਲ ਸੱਤਾ ਦਾ ਸੁੱਖ ਮਾਣਣ ਵਾਲੀ ਵਿਧਾਇਕ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਦੀ ਬਜਾਏ ਅਧਰਮ ਕਮਾ ਰਹੇ ਹਨ। ਇਹਨਾਂ ਗੱਲਾਂ ਤੋਂ ਖਫਾ ਹੋ ਕੇ ਮੋਰਚੇ ਨੇ ਫੈਸਲਾ ਕੀਤਾ ਹੈ ਕਿ ਮਿਤੀ 3 ਨਵੰਬਰ ਨੂੰ ਈ.ਓ ਕਰਮਿੰਦਰ ਪਾਲ ਸਿੰਘ ਖਿਲਾਫ ਖਾਸ ਤੌਰ 'ਤੇ ਧਰਨਾ ਮੁਜ਼ਾਹਰਾ ਕੀਤਾ ਜਾਵੇਗਾ।

ਐੱਲ ਪੀ ਯੂ 'ਚ 'ਸੁਪਰ ਸ਼ੈੱਫਸ਼ ਆਫ ਪੰਜਾਬ ਪ੍ਰਤੀਯੋਗਤਾ' ਕਰਵਾਈ

ਜਲੰਧਰ (ਸ਼ੈਲੀ ਐਲਬਰਟ):-ਲਵਲੀ ਪ੍ਰੋਫੈਸਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਸਕੂਲ ਆਫ ਹੋਟਲ ਮੈਨੇਜਮੈਂਟ ਐਂਡ ਟੂਰਿਜਮ ਨੇ ਆਪਣੇ 'ਵੂਮੈਨ ਐਡੀਸ਼ਨ' ਵਿੱਚ "ਸੁਪਰ ਸ਼ੈੱਫਸ਼ ਆਫ ਪੰਜਾਬ 2023 ਪ੍ਰਤੀਯੋਗਿਤਾ" ਦਾ ਆਯੋਜਨ ਕੀਤਾ। ਅੰਤਰਰਾਸ਼ਟਰੀ ਸ਼ੈੱਫ ਦਿਵਸ 'ਤੇ ਇਸ ਪ੍ਰੋਗਰਾਮ ਨੇ ਰਸੋਈ ਉਦਯੋਗ ਵਿੱਚ ਔਰਤਾਂ ਦੀਆਂ ਬੇਮਿਸਾਲ ਪ੍ਰਤਿਭਾਵਾਂ ਦਾ ਜਸ਼ਨ ਮਨਾਇਆ। ਇਸ ਪ੍ਰੋਗਰਾਮ ਨੇ ਸ਼ੌਕੀਨ ਮਹਿਲਾ ਸ਼ੈੱਫਾਂ, ਪੇਸ਼ੇਵਰਾਂ, ਉੱਦਮੀਆਂ ਅਤੇ ਵਿਦਿਆਰਥੀਆਂ ਨੂੰ ਆਪਣੇ ਰਸੋਈ ਹੁਨਰ ਅਤੇ ਰਚਨਾਤਮਕਤਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ। ਇਸ ਈਵੈਂਟ ਵਿੱਚ ਦੋ ਵੱਖ-ਵੱਖ ਮੁਕਾਬਲੇ ਸ਼੍ਰੇਣੀਆਂ- "ਥ੍ਰੀ ਕੋਰਸ ਮੇਨੂ ਸੈੱਟ" ਅਤੇ "ਲਾਈਵ ਕੇਕ ਡਰੈਸਿੰਗ" ਸ਼ਾਮਲ ਸਨ। ਇਹਨਾਂ ਵਿੱਚੋਂ ਹਰ ਇੱਕ ਨੂੰ ਰਸੋਈ ਖੇਤਰ ਵਿੱਚ ਔਰਤਾਂ ਦੇ ਅਥਾਹ ਯੋਗਦਾਨ ਨੂੰ ਸਸ਼ਕਤ ਕਰਨ ਅਤੇ ਸਵੀਕਾਰ ਕਰਨ ਲਈ ਤਿਆਰ ਕੀਤਾ ਗਿਆ ਸੀ। ਵਿਸ਼ਵ ਦੇ ਨਾਲ, ਐਲਪੀਯੂ ਨੇ ਸ਼ੈੱਫ ਦੇ ਯੋਗਦਾਨ ਦੀ ਸ਼ਲਾਘਾ ਕਰਨ ਅਤੇ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ ਲਈ ਅੰਤਰਰਾਸ਼ਟਰੀ ਸ਼ੈੱਫ ਦਿਵਸ ਮਨਾਇਆ। ਸ਼ੈੱਫ ਸੰਗੀਤਾ ਧਰ, ਸ਼ੈੱਫ ਰੇਖਾ ਸ਼ਰਮਾ, ਸ਼ੈੱਫ ਜੈ ਕੁਮਾਰ ਭਸੀਨ, ਸ਼ੈੱਫ ਵਿਵੇਕ ਸਾਗਰ ਅਤੇ ਸ਼ੈੱਫ ਗੁੰਜਨ ਗੋਇਲਾ ਸਮੇਤ ਨਾਮਵਰ ਸ਼ੈੱਫਾਂ ਦੀ ਮੌਜੂਦਗੀ ਦੁਆਰਾ ਇਸ ਸਮਾਗਮ ਦੀ ਸ਼ੋਭਾ ਵਧਾਈ ਗਈ। ਵਧੀਆ ਖਾਣਾ ਪਕਾਉਣਾ ਇੱਕ ਜਰੂਰੀ ਹੁਨਰ ਹੈ। ਐਲਪੀਯੂ ਦੇ ਪ੍ਰੋ ਵਾਈਸ ਚਾਂਸਲਰ ਪ੍ਰੋ ਡਾ: ਸੰਜੇ ਮੋਦੀ ਨੇ ਕਿਹਾ ਕਿ ਇਹ ਦਿਨ ਇੱਕ ਵਿਸ਼ਵਵਿਆਪੀ ਮਹੱਤਵ ਰੱਖਦਾ ਹੈ ਕਿਉਂਕਿ ਇਹ ਲੋਕਾਂ ਨੂੰ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਕੇ ਵੱਖ-ਵੱਖ ਪਕਵਾਨਾਂ ਦੀ ਪੇਸ਼ਕਸ਼ ਕਰਨ ਲਈ ਸ਼ੈੱਫ ਦੇ ਯਤਨਾਂ ਦੀ ਸਲਾਘਾ ਕਰਦਾ ਹੈ। 'ਹੌਟ ਕਿਚਨ' ਮੁਕਾਬਲੇ ਦੇ ਜੇਤੂ ਮਨਲੀਦਾ ਜੈਨ (ਪਹਿਲਾ) ; ਇਸ਼ਮੀਤ ਕੌਰ (ਦੂਜਾ); ਅਤੇ, ਸਾਹਸਤਾ ਸਮਰੀਨ ਨੇ (ਤੀਜਾ) ਸਥਾਨ ਪ੍ਰਾਪਤ ਕੀਤਾ । ਇਸੇ ਤਰ੍ਹਾਂ 'ਕੇਕ ਡਰੈਸਿੰਗ' ਮੁਕਾਬਲੇ ਦੇ ਜੇਤੂ ਅਸਮੀਤ ਕੌਰ (ਪਹਿਲਾ); ਕੋਲੀਮੋਨੋ ਤੇਤੂਜਾ (ਦੂਜਾ); ਅਤੇ, ਜੀਯੋਈ ਦੀਓਰੀ (ਤੀਜਾ) ਰਹੀਆਂ । ਇਨ੍ਹਾਂ ਸਾਰਿਆਂ ਨੂੰ ਨਕਦ ਇਨਾਮ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਜੀ ਡੀ ਗੋਇਨਕਾ ਗਰੁੱਪ ਨਵੀਂ ਦਿੱਲੀ ਵੱਲੋਂ ਕਪੂਰਥਲਾ ਦੇ ਗੋਇਨਕਾ ਸਕੂਲ ਦਾ ਨਿਰੀਖਣ

ਕਪੂਰਥਲਾ, (ਹਨੀ) ਜੀ ਡੀ ਗੋਇਨਕਾ ਸਕੂਲ ਕਪੂਰਥਲਾ ਜੋ ਜੀ. ਡੀ. ਗੋਇਨਕਾ ਗਰੁੱਪ ਨਵੀਂ ਦਿੱਲੀ ਵੱਲੋਂ ਚਲਾਇਆ ਜਾ ਰਿਹਾ ਹੈ, ਦਾ ਨਿਰੀਖਣ ਕੀਤਾ ਗਿਆ। ਜੀ ਡੀ ਗੋਇੰਕਾ ਗਰੁੱਪ ਨਵੀਂ ਦਿੱਲੀ ਭਾਰਤ ਦੀ ਪ੍ਰਸਿੱਧ ਸਿਖਿਅਕ ਸੰਸਥਾ ਹੈ ਅਤੇ ਪਿਛਲੇ 30 ਸਾਲਾਂ ਤੋਂ ਵਿਦਿਆਰਥੀਆਂ ਦਾ ਭਵਿੱਖ ਉੱਜਵਲ ਬਣਾ ਰਹੀ ਹੈ। ਜ਼ਿਕਰਯੋਗ ਹੈ ਕਿ ਜੀ ਡੀ ਗੋਇੰਕਾ ਗਰੁੱਪ ਵਲੋਂ ਇੱਕ ਯੂਨੀਵਰਸਿਟੀ ਅਤੇ ਕਈ ਸਕੂਲ ਸੀ ਬੀ ਐਸ ਈ, ਆਈ ਸੀ ਐਸ ਈ, ਅਤੇ ਆਈ ਬੀ ਵਰਲਡ ਦੇ ਪਾਠਕਰਮਾਂ ਅਨੁਸਾਰ ਚਲਾਏ ਜਾ ਰਹੇ ਹਨ, ਵਿਸ਼ੇਸ਼ ਅਨੁਭਵੀ ਨਿਰੀਖਣ ਟੀਮ ਜੋ ਕਿ ਉਚੇਚੇ ਤੌਰ 'ਤੇ ਸਕੂਲ ਦਾ ਨਿਰੀਖਣ ਕਰਨ ਪੁੱਜੀ। ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਵਲੋਂ ਹਰ ਇੱਕ ਅਧਿਆਪਕ ਦੀ ਕਲਾਸ ਦਾ ਜਾਇਜਾ ਲਿਆ ਗਿਆ। ਉਨ੍ਹਾਂ ਸਕੂਲ ਦੀ ਹਰ ਇੱਕ ਲੈਬ ਜਿਵੇਂ ਕੰਪਿਊਟਰ ਲੈਬ, ਸੈਂਸ ਲੈਬ, ਸਾਇੰਸ ਲੈਬ, ਲੈਂਗੂਏਜ ਲੈਬ, ਮਿਊਜਿਕ ਰੂਮ, ਸਪੋਰਟਸ ਰੂਮ, ਯੋਗਾ ਰੂਮ, ਆਰਟ ਰੂਮ ਆਦਿ ਦਾ ਨਿਰੀਖਣ ਕੀਤਾ ਅਤੇ ਪ੍ਰਸੰਸਾ ਕੀਤੀ। ਇਸ ਤੋਂ ਇਲਾਵਾ ਛੋਟੇ ਬੱਚਿਆਂ ਲਈ ਵਿਸ਼ੇਸ਼ ਰੂਪ ਤੋਂ ਤਿਆਰ ਕੀਤੇ ਗਏ ਐਕਟੀਵੀਟੀ ਰੂਮ, ਈ ਪੀ ਡੀ ਐਮ ਲੁਡੋ ਫਲੋਰ, ਪਲੇ ਸਟੇਸ਼ਨ ਤੋਂ ਵੀ ਬਹੁਤ ਪ੍ਰਭਾਵਿਤ ਹੁੰਦਿਆਂ ਉਨ੍ਹਾਂ ਕਿਹਾ ਕਿ ਖੇਲ ਖੇਲ ਵਿੱਚ ਬੱਚਿਆਂ ਨੂੰ ਬਹੁਤ ਪ੍ਰਭਾਵਸ਼ਾਲੀ ਤਰੀਕੇ ਨਾਲ ਸਿੱਖਿਆ ਦਿੱਤੀ ਜਾ ਸਕਦੀ ਹੈ। ਸਕੂਲ ਵਿਚ ਬਣੇ ਖੇਡ ਸਟੇਡੀਅਮ ਬਾਸਕੇਟਬਾਲ ਗਰਾਉਂਡ, ਫੁੱਟਬਾਲ ਗ੍ਰਾਉਂਡ, ਬੈਡਮਿੰਟਨ ਗਰਾਉਂਡ, ਟੇਬਲ ਟੈਨਿਸ ਅਤੇ ਹੋਰ ਖੇਡ ਸੁਵਿਧਾਵਾਂ ਦੇਖਣ ਉਪਰੰਤ ਉਨ੍ਹਾਂ ਕਿਹਾ ਕਿ ਜੀ ਡੀ ਗੋਇੰਕਾ ਕਪੂਰਥਲਾ ਦੇ ਵਿਦਿਆਰਥੀ ਵੀ ਆਉਣ ਵਾਲੇ ਸਮੇਂ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਸਕੂਲ ਦਾ ਨਾਂਅ ਰੋਸ਼ਨ ਕਰਨਗੇ। ਉਨ੍ਹਾਂ ਸਕੂਲ ਵਿੱਚ ਨਵੇਂ ਬਣੇ ਮਲਟੀਪਰਪਜ ਹਾਲ ਅਤੇ ਸੂਟਿੰਗ ਰੇਂਜ ਦਾ ਵੀ ਦੌਰਾ ਕੀਤਾ ਅਤੇ ਮੈਨੇਜਮੈਂਟ, ਪ੍ਰਿੰਸੀਪਲ ਤੇ ਸਟਾਫ ਦੁਆਰਾ ਕੀਤੇ ਗਏ ਉਦਮਾਂ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਸਕੂਲ ਵਿੱਚ ਦਿੱਤੀਆਂ ਜਾ ਰਹੀਆਂ ਵੱਖ-ਵੱਖ ਸੁਵਿਧਾਵਾਂ ਜਿਵੇਂ ਕਿ ਏਅਰ ਕੰਡੀਸ਼ਨ ਕਮਰੇ, ਖਾਣਾ ਗਰਮ ਕਰਨ ਦੀ ਸੁਵਿਧਾ, ਫਿਲਟਰ ਪਾਣੀ, ਮੈਡੀਕਲ ਸੁਵਿਧਾ ਦੇਖ ਕੇ ਉਨ੍ਹਾਂ ਨੇ ਸਕੂਲ ਦੇ ਪ੍ਰਬੰਧਨ ਦੀ ਪ੍ਰਸੰਸਾ ਕੀਤੀ। ਚੇਅਰਮੈਨ ਸੁਖਦੇਵ ਸਿੰਘ, ਸੈਕਟਰੀ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਡਾ. ਪਵਲਜੀਤ ਕੌਰ ਨੇ ਪਹੁੰਚੀ ਟੀਮ ਦਾ ਧੰਨਵਾਦ ਕੀਤਾ ।

ਆਰ ਟੀ ਈ ਐਕਟ 2009 ਤਹਿਤ ਪਿਛਲੇ 13 ਸਾਲਾਂ 'ਚ ਕਿਸੇ ਵਿਦਿਆਰਥੀ ਨੂੰ ਨਹੀਂ ਦਿੱਤਾ ਦਾਖਲਾ

ਮੋਹਾਲੀ, (ਗੁਰਜੀਤ ਬਿੱਲਾ)-ਆਰ ਟੀ ਈ ਐਕਟ 2009 ਤਹਿਤ ਪੰਜਾਬ ਆਰ ਟੀ ਈ ਨਿਯਮ 2011 ਦੇ ਨਿਯਮ 7(4) ਅਨੁਸਾਰ ਪੰਜਾਬ ਵਿੱਚ ਅਨਏਇਡ ਪ੍ਰਾਈਵੇਟ ਸਕੂਲਾਂ ਵਲੋਂ ਕਮਜ਼ੋਰ ਅਤੇ ਗਰੀਬ ਵਰਗਾਂ ਦੇ ਵਿਦਿਆਰਥੀਆਂ ਨੂੰ ਦਾਖਲਾ ਨਾ ਦੇ ਕੇ ਮਿਆਰੀ ਸਿੱਖਿਆ ਲੈਣ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਇੱਥੇ ਹੀ ਬਸ ਨਹੀਂ ਸਗੋਂ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਸ਼ਰ੍ਹੇਆਮ ਉਲੰਘਣਾ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇੱਥੇ ਮੋਹਾਲੀ ਪ੍ਰੈਸ ਕਲੱਬ ਵਿਖੇ ਓਂਕਾਰ ਨਾਥ ਡਿਪਟੀ ਅਡੀਸ਼ਨਲ ਕੈਗ, ਟੀ ਆਰ ਸਰੰਗਾਲ ਸੇਵਾ ਮੁਕਤ ਆਈ ਏ ਐਸ, ਫਤਿਹਜੰਗ ਸਿੰਘ ਸੇਵਾ ਮੁਕਤ ਜੁਆਇੰਟ ਡਾਇਰੈਕਟਰ ਪੰਜਾਬ, ਓ.ਪੀ. ਚੋਪੜਾ ਐਸ.ਈ. (ਸੇਵਾ ਮੁਕਤ), ਕ੍ਰਿਪਾਲ ਸਿੰਘ ਸੇਵਾਮੁਕਤ ਏ.ਓ., ਜਸਵਿੰਦਰ ਸਿੰਘ, ਤਰਸੇਮ ਲਾਲ ਸੇਵਾਮੁਕਤ ਡੀ.ਐਮ. (ਐਨ ਆਈ ਸੀ) ਨੇ ਕੀਤਾ। ਉਨ੍ਹਾਂ ਕਿਹਾ ਕਿ ਬੱਚਿਆਂ ਦਾ ਮੁਫਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ (ਆਰ.ਟੀ.ਈ.) ਐਕਟ 2009 ਭਾਰਤੀ ਸੰਸਦ ਵੱਲੋਂ ਪਾਸ ਕਰਕੇ 1 ਅਪ੍ਰੈਲ 2010 ਤੋਂ ਲਾਗੂ ਕੀਤਾ ਗਿਆ ਸੀ। ਇਸ ਐਕਟ ਦੀ ਧਾਰਾ 12 (1) (ਸੀ) ਅਨੁਸਾਰ ਸਰਕਾਰ ਤੋਂ ਗ੍ਰਾਂਟ ਪ੍ਰਾਪਤ ਨਾ ਕਰਨ ਵਾਲੇ ਗੈਰ ਸਹਾਇਤਾ ਪ੍ਰਾਪਤ ਪ੍ਰਾਈਵੇਟ ਸਕੂਲਾਂ ਨੂੰ ਕਮਜ਼ੋਰ ਵਰਗਾਂ ਦੇ ਵਾਂਝੇ ਸਮੂਹਾਂ ਦੇ ਘੱਟੋ-ਘੱਟ 25 ਫੀਸਦੀ ਬੱਚਿਆਂ ਨੂੰ ਦਾਖਲਾ ਦੇਣਾ ਲਾਜ਼ਮੀ ਹੈ।

ਆਗੂਆਂ ਨੇ ਕਿਹਾ ਕਿ ਪੰਜਾਬ ਦੇ ਆਰ.ਟੀ.ਈ. ਨਿਯਮ, 2011 ਦੇ ਨਿਯਮ 7(4) ਅਨੁਸਾਰ ਕਮਜ਼ੋਰ ਅਤੇ ਵਾਂਝੇ ਵਰਗਾਂ ਦੇ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣਾ ਜ਼ਰੂਰੀ ਹੈ। ਜੇਕਰ ਉਹ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣ ਵਿੱਚ ਅਸਫਲ ਰਹਿੰਦੇ ਹਨ ਤਾਂ ਉਹ 25 ਫੀਸਦੀ ਸੀਟਾਂ ਦਾ ਲਾਭ ਲੈਣ ਲਈ ਸਬੰਧਤ ਪੰਜਾਬ ਸਰਕਾਰੀ ਸਕੂਲ ਤੋਂ ਐਨ ਓ ਸੀ ਪ੍ਰਾਪਤ ਕਰਕੇ ਪ੍ਰਾਈਵੇਟ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਦਾਖਲਾ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਆਰ ਟੀ ਈ ਐਕਟ 2009 ਲਾਗੂ ਹੋਣ ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਇਕ ਵੀ ਵਿਦਿਆਰਥੀ ਨੂੰ ਐਨ ਓ ਸੀ ਨਹੀਂ ਦਿੱਤੀ ਗਈ, ਜੋ ਕਿ ਪ੍ਰਾਈਵੇਟ ਸਕੂਲ ਵਿੱਚ ਸਿੱਖਿਆ ਲੈ ਸਕੇ। ਜਿਸ ਕਰ

29--Otc-PAGE- 8 qxd.qxd 10/28/2023 8:42 PM Page 1

ਚੈਂਪੀਅਨ ਟਰਾਫੀ ਜਿੱਤ ਕੇ ਕਾਲਜ ਪਹੁੰਚੇ ਵਿਦਿਆਰਥੀਆਂ ਦਾ ਭਰਵਾਂ ਸਵਾਗਤ

ਬਹਿਰਾਮ (ਅਵਤਾਰ ਕਲੇਰ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਯੂਨੀਵਰਸਿਟੀ ਵਿਖੇ ਆਯੋਜਿਤ ਡੀ. ਜੋਨ ਦੇ ਜੋਨਲ ਯੁਵਕ ਮੇਲੇ 'ਚ ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀ ਕਲਾਕਾਰਾਂ ਦਾ ਏ ਡਿਵੀਜਨ ਦੀ ਓਵਰਆਲ ਚੈਂਪੀਅਨ ਟਰਾਫੀ ਜਿੱਤ ਕੇ ਕਾਲਜ ਪਹੁੰਚਣ 'ਤੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਅਤੇ ਸਮੂਹ ਸਟਾਫ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਇਸ ਪ੍ਰਾਪਤੀ ਲਈ ਸਮੂਹ ਵਿਦਿਆਰਥੀ ਕਲਾਕਾਰਾਂ ਤੇ ਅਧਿਆਪਕ ਸਾਹਿਬਾਨ ਨੇ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸ਼ੁਕਰਾਨੇ ਵਜੋਂ ਮੱਥਾ ਟੇਕਿਆ ਤੇ ਅਰਦਾਸ ਬੇਨਤੀ ਕੀਤੀ ਕਿ ਭਵਿੱਖ ਵਿੱਚ ਵੀ ਇਸ ਕਾਲਜ 'ਤੇ ਗੁਰੂ ਸਾਹਿਬ ਆਪਣਾ ਮਿਹਰ ਭਰਿਆ ਹੱਥ ਬਣਾਈ ਰੱਖਣ। ਇਸ ਉਪਰੰਤ ਕਾਲਜ ਪਹੁੰਚਣ ਤੇ ਵਿਦਿਆਰਥੀ ਕਲਾਕਾਰਾਂ, ਟੀਮਾਂ ਦੇ ਇੰਚਾਰਜ ਤੇ ਕੋਚ ਸਾਹਿਬਾਨ ਦੇ ਫੁੱਲਾਂ ਦੇ ਹਾਰ ਪਹਿਨਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਤੇ ਵਿਦਿਆਰਥੀਆਂ ਨੇ ਢੋਲ ਦੀ ਤਾਲ 'ਤੇ ਭੰਗੜਾ ਪਾ ਕੇ ਲਗਾਤਾਰ ਤੀਜੀ ਵਾਰ ਓਵਰਆਲ ਚੈਂਪੀਅਨ ਬਣਨ ਦੀ ਖੁਸ਼ੀ ਮਨਾਈ। ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਯੂਥ ਫੈਸਟੀਵਲ ਇੱਕ ਐਸਾ ਮੰਚ ਹੈ ਜਿਸ ਤੋਂ ਇੱਕ ਆਮ ਵਿਦਿਆਰਥੀ ਇੱਕ ਬੇਹਤਰੀਨ ਕਲਾਕਾਰ ਬਣ ਕੇ ਸਮਾਜ ਵਿੱਚ ਉੱਭਰਦਾ ਹੈ। ਇਸ ਮੌਕੇ ਡਾ. ਗੁਰਵਿੰਦਰ ਸਿੰਘ ਡੀਨ ਕਲਾ ਤੇ ਸੱਭਿਆਚਾਰ ਵਿਭਾਗ, ਡਾ. ਨਿਰਮਲਜੀਤ ਕੌਰ (ਇੰਚਾਰਜ ਸਾਹਿਤਕ ਪ੍ਰਤੀਯੋਗਤਾਵਾਂ), ਪ੍ਰੋ. ਇੰਦੂ ਰੱਤੀ ਤੇ ਪ੍ਰੋ. ਗੁਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਵਧਾਈ ਸੰਦੇਸ਼ ਦਿੰਦਿਆਂ ਆਪਣੇ ਸੱਭਿਆਚਾਰ ਅਤੇ ਵਿਰਸੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀ ਸ਼ਾਹਿਦ ਅਲੀ ਨੇ ਵੀ ਗੀਤ ਸੁਣਾ ਕੇ ਆਪਣੇ ਜਜਬਾਤ ਸਾਂਝੇ ਕੀਤੇ। ਇਸ ਦੌਰਾਨ ਸਾਰਿਆਂ ਲਈ ਪ੍ਰਿੰਸੀਪਲ ਵੱਲੋਂ ਪਾਰਟੀ ਦਾ ਆਯੋਜਨ ਵੀ ਕੀਤਾ ਗਿਆ। ਇਸ ਮੌਕੇ ਪ੍ਰੋ. ਮੁਨੀਸ਼ ਸੰਧੀਰ,ਡਾ. ਕੁਮਾਰੀ ਸਿਖਾ,ਪ੍ਰੋ. ਕਿਸ਼ੋਰ ਕੁਮਾਰ, ਪ੍ਰੋ. ਹਰਜੋਤ ਸਿੰਘ, ਪ੍ਰੋ. ਆਬਿਦ ਵੱਕਾਰ,ਪ੍ਰੋ. ਨੀਲਮ ਕੁਮਾਰੀ,ਪ੍ਰੋ. ਦਿਲ ਨਿਵਾਜ, ਪ੍ਰੋ. ਨੀਤੂ ਸਿੰਘ, ਪ੍ਰੋ. ਸ਼ਾਮ ਸਿੰਘ,ਪ੍ਰੋ. ਉਂਕਾਰ ਸਿੱਧੂ,ਪ੍ਰੋ. ਸਾਕਸ਼ੀ, ਪ੍ਰੋ. ਲਵਪ੍ਰੀਤ ਕੌਰ,ਪ੍ਰੋ. ਮੰਜੂ,ਪ੍ਰੋ. ਅਲਕਾ, ਪਵਨ ਕੁਮਾਰ ਭੰਗੜਾ ਕੋਚ ਆਦਿ ਹਾਜਰ ਸਨ।

ਹੈਰੋਇਨ ਸਮੇਤ ਕਾਬੂ

ਕਾਲਾ ਸੰਘਿਆਂ (ਮਨਜੀਤ ਮਾਨ) ਥਾਣਾ ਸਦਰ ਕਪੂਰਥਲਾ ਦੇ ਮੁੱਖੀ ਐਸ ਐਚ ਓ ਮੈਡਮ ਸੋਨਮਦੀਪ ਕੌਰ ਦੀ ਅਗਵਾਈ ਹੇਠ ਥਾਣਾ ਸਦਰ ਕਪੂਰਥਲਾ ਦੇ ਏ ਐਸ ਆਈ ਤਰਸੇਮ ਸਿੰਘ ਤੇ ਕਾਲਾ ਸੰਘਿਆਂ ਪੁਲਸ ਚੌਕੀ ਦੇ ਇੰਚਾਰਜ ਏ ਐਸ ਆਈ ਪਾਲ ਸਿੰਘ ਸਿੱਧੂ ,ਏ ਐਸ ਆਈ ਲਖਵਿੰਦਰ ਸਿੰਘ,ਏ ਐਸ ਆਈ ਜਿੰਦਰ ਲਾਲ ,ਪੀ ਐੱਚ ਜੀ ਸੁਖਵਿੰਦਰ ਸਿੰਘ ਆਪਣੀ ਪੁਲਸ ਪਾਰਟੀ ਸਮੇਤ ਪ੍ਰਾਈਵੇਟ ਵਹੀਕਲਾਂ ਤੇ ਕਸਬਾ ਕਾਲਾ ਸੰਘਿਆਂ ਤੋਂ ਪਿੰਡ ਤਲਵੰਡੀ ਮਾਧੋ ਵੱਲ ਨੂੰ ਗਸ਼ਤ ਕਰਨ ਜਾ ਰਹੇ ਸਨ ਜਦੋਂ ਉਨ੍ਹਾਂ ਦੀ ਪਲਿਸ ਪਾਰਟੀ ਪਿੰਡ ਸੰਧੂ ਚੱਠਾ ਦੇ ਮੋੜ ਕੋਲ ਪਹੁੰਚੀ ਤਾਂ ਉਨ੍ਹਾਂ ਨੇ ਪਿੰਡ ਆਧੀ ਵੱਲੋਂ ਪੈਦਲ ਆ ਰਹੇ ਇੱਕ ਮੋਨੇ ਨੌਜੁਆਨ ਨੂੰ ਆਉਂਦਿਆਂ ਦੇਖਿਆ ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ। ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ ਜਿਸ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਗਿਆ। ਦੋਸੀ ਦੀ ਪਛਾਣ ਹਰਪ੍ਰੀਤ ਉਰਫ ਕਾਡੀ ਪੁੱਤਰ ਬਲਵੀਰ ਸਿੰਘ ਵਾਸੀ ਆਲਮਗੀਰ ਜ਼ਿਲ੍ਹਾ ਕਪੂਰਥਲਾ ਵਜੋਂ ਹੋਈ ਜਿਸ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਅਦਾਲਤ ਵਿੱਚ ਪੇਸ ਕਰਕੇ ਜੇਲ੍ਹ ਭੇਜ ਦਿੱਤਾ ਗਿਆ ।

ਯੂ ਕੇ ਦੇ ਪੰਜਾਬੀ ਕਹਾਣੀਕਾਰ ਸੁਰਿੰਦਰ ਦੇਹਲਵੀ ਦਾ ਵਿਛੋੜਾ

ਸਾਊਥਾਲ : ਇੰਗਲੈਂਡ ਵਸਦੇ ਪੰਜਾਬੀ ਕਹਾਣੀਕਾਰ ਸੁਰਿੰਦਰ ਦੇਹਲਵੀ (ਸਹੋਤਾ) ਬੀਤੇ ਦਿਨੀਂ ਪੱਛਮੀ ਲੰਡਨ ਦੇ ਸ਼ਹਿਰ ਹੇਜ ਵਿੱਚ ਵਿਛੋੜਾ ਦੇ ਗਏ। ਉਹਨਾ ਦੀ ਮੌਤ ਨਾਲ ਬਰਤਾਨੀਆ ਆਏ ਪਹਿਲੀ ਕਤਾਰ ਦੇ ਲੇਖਕਾਂ ਦੀ ਡਾਰ ਵਿੱਚੋਂ ਇੱਕ ਹੋਰ ਲੇਖਕ ਵਿੱਛੜ ਗਿਆ ਹੈ। ਸੁਰਿੰਦਰ ਦਾ ਪਿਛੋਕੜ ਅੰਮ੍ਰਿਤਸਰ ਜ਼ਿਲ੍ਹੇ ਦੇ ਕਸਬਾ ਰਈਆ ਨਾਲ ਸੰਬੰਧਤ ਸੀ। ਸਾਲ 1972 ਵਿੱਚ ਯੂ ਕੇ ਆਉਣ ਤੋਂ ਪਹਿਲਾਂ ਉਹ ਦਿੱਲੀ ਵਿੱਚ ਨੌਕਰੀ ਕਰਦੇ ਸਨ। ਯੂ ਕੇ ਵਿੱਚ ਉਹਨਾ ਆਈਜਨਵਰਥ ਕਾਲਜ ਤੋਂ ਕੰਪਿਊਟਰ ਖੇਤਰ ਵਿੱਚ ਪੜ੍ਹਾਈ ਕੀਤੀ।

ਸੁਰਿੰਦਰ ਪ੍ਰਗਤੀਸ਼ੀਲ ਲਿਖਾਰੀ ਸਭਾ ਸਾਊਥਾਲ ਦੇ ਸਰਗਰਮ ਮੈਂਬਰ ਸਨ। ਉਹਨਾ ਦੀ ਕਹਾਣੀਆਂ ਦੀ ਕਿਤਾਬ 'ਜਿੰਦ ਬੋਟੀ ਬੋਟੀ' ਦੀਪਕ ਪਬਲਿਸ਼ਰਜ਼ ਵੱਲੋਂ ਸਾਲ 1981 ਵਿੱਚ ਪ੍ਰਕਾਸ਼ਤ ਕੀਤੀ ਗਈ। ਸੁਰਿੰਦਰ ਗਾਉਂਦੇ ਬਹੁਤ ਵਧੀਆ ਸਨ, ਇੱਥੋਂ ਤੱਕ ਕਿ ਜਦ ਉਹ 'ਬੇਸ਼ੱਕ ਮੰਦਰ ਮਸਜਿਦ ਢਾਅ ਦੇ, ਬੁੱਲ੍ਹੇ ਸ਼ਾਹ ਇਹ ਕਹਤਾ...' ਦੇ ਬੋਲ ਛੂੰਹਦੇ ਸਨ ਤਾਂ ਸਰੋਤੇ ਨਰਿੰਦਰ ਚੰਚਲ ਨੂੰ ਭੁੱਲ ਜਾਂਦੇ ਸਨ।

ਪੜ੍ਹਾਈ ਮੁਕਾ ਕੇ ਕੁਝ ਸਾਲਾਂ ਬਾਅਦ ਸੁਰਿੰਦਰ ਯੂ ਕੇ ਤੋਂ ਆਇਰਲੈਂਡ ਜਾ ਵਸੇ ਸਨ, ਜਿੱਥੇ ਉਹਨਾ ਨੇ ਦੋ ਭਾਰਤੀ ਰੈਸਟੋਰੈਂਟ ਖੋਲ੍ਹੇ। ਕੁਝ ਸਾਲਾਂ ਬਾਅਦ ਉਹ ਫਿਰ ਯੂ ਕੇ ਪਰਤ ਆਏ ਅਤੇ ਇੱਥੇ 'ਰੀਗਲ ਟਰੈਵਲਜ਼' ਨਾਲ ਜੁੜੇ ਰਹੇ। ਸੁਰਿੰਦਰ ਬੜੇ ਹੀ ਮਿਲਣਸਾਰ, ਨੇਕ ਅਤੇ ਖੁਸ਼ ਤਬੀਅਤ ਇਨਸਾਨ ਸਨ। ਸਾਹਿਤਕ ਹਲਕਿਆਂ ਵਿੱਚ ਦੋਸਤ ਉਹਨਾ ਨੂੰ ਪਿਆਰ ਨਾਲ 'ਵਜ਼ਨਦਾਰ' ਦੇ ਨਾਂਅ ਨਾਲ ਬੁਲਾਉਂਦੇ ਸਨ।

ਸੁਰਿੰਦਰ ਹੁਰਾਂ ਦਾ ਅੰਤਮ ਸੰਸਕਾਰ ਰਾਏਸਲਿਪ ਦੇ ਕਰੀਮੀਟੋਰੀਅਮ ਵਿੱਚ 26 ਸਤੰਬਰ ਨੂੰ ਕੀਤਾ ਗਿਆ। ਉਹ ਆਪਣੇ ਪਿੱਛੇ ਆਪਣੀ ਪਤਨੀ ਅਤੇ ਦੋ ਬੱਚੇ ਛੱਡ ਗਏ ਹਨ। ਉਹਨਾ ਦੀ ਮੌਤ 'ਤੇ ਮੈਂਬਰ ਪਾਰਲੀਮੈਂਟ ਵਰਿੰਦਰ ਸ਼ਰਮਾ, ਕੌਂਸਲਰ ਕੇ ਸੀ ਮੋਹਨ ਤੇ ਰਣਜੀਤ ਧੀਰ, ਸ਼ਾਇਰ ਗੁਰਸ਼ਰਨ ਸਿੰਘ ਅਜੀਬ, ਕਹਾਣੀਕਾਰ ਗੁਰਪਾਲ ਸਿੰਘ, ਲੇਖਕ ਹਰੀਸ਼ ਮਲਹੋਤਰਾ, ਮੁਸਤਾਕ ਸਿੰਘ, ਸੁਖਦੇਵ ਔਜਲਾ, ਨਾਵਲਕਾਰ ਹਰਜੀਤ ਅਟਵਾਲ ਤੇ ਗੁਰਚਰਨ ਸੱਗੂ, ਨਰਿੰਦਰ ਸਿੰਘ ਬੜਿੰਗ ਅਤੇ ਮਿਸਿਜ਼ ਰਾਣੋ ਜੰਗ ਨੇ ਅਫਸੋਸ ਪ੍ਰਗਟ ਕੀਤਾ।

ਬਲਾਕ ਪੱਧਰੀ ਖੇਡਾਂ 'ਚ ਪ੍ਰਾਇਮਰੀ ਸਕੂਲ ਛੱਜੂ ਮਾਜਰਾ ਨੇ ਬਾਜ਼ੀ ਮਾਰੀ

ਖਰੜ (ਹਰਨਾਮ ਸਿੰਘ ਡੱਲਾ) **ਸਰਕਾਰੀ ਸਕੂਲਾਂ ਦੇ ਬਲਾਕ ਪੱਧਰ ਦੇ ਬੱਚਿਆਂ ਦੀਆਂ** ਖੇਡਾਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਛੱਜੂਮਾਜਰਾ ਦੇ ਬੱਚਿਆਂ ਨੇ ਜਿੱਤ ਪ੍ਰਾਪਤ ਕੀਤੀ ਹੈ। ਇਸ ਸਕੂਲ ਦੇ ਬੱਚਿਆਂ ਨੇ 20 ਸੋਨ ਤਮਗੇ ਅਤੇ ਇੱਕ ਤਾਂਬੇ ਦਾ ਤਮਗਾ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। 43ਵੇਂ ਬਲਾਕ ਪੱਧਰੇ ਖੇਡ ਮੁਕਾਬਲੇ ਦਾ ਆਯੋਜਨ ਬਲਾਕ ਸਿੱਖਿਆ ਅਫਸਰ ਸ੍ਰੀ ਜਤਿਨ ਮਿਰਾਲਾਨੀ,ਬਲਾਕ ਖੇਡ ਅਫਸਰ ਹਰਜਿੰਦਰ ਕੌਰ,ਸੈਂਟਰ ਇੰਚਾਰਜ ਪ੍ਰਦੀਪ ਕੌਰ ਦੀ ਸੁਯੋਗ ਅਗਵਾਈ ਵਿੱਚ ਸੰਪੰਨ ਹੋਇਆ। ਇਹਨਾਂ ਖੇਡਾਂ ਵਿੱਚ ਸੰਤੇ ਮਾਜਰਾ ਸੈਂਟਰ ਨੇ 300 ਅੰਕਾਂ ਵਿੱਚੋਂ 118 ਅੰਕ ਜਿੱਤ ਕੇ ਟਰਾਫੀ ਆਪਣੇ ਨਾਮ ਕਰ ਲਈ। ਸਰਕਾਰੀ ਪ੍ਰਾਇਮਰੀ ਸਕੂਲ ਛੱਜੂਮਾਜਰਾ ਦੇ ਅਧਿਆਪਕ ਕਰਨ ਕੁਮਾਰ ਨੇ ਦੱਸਿਆ ਕਿ ਤੈਰਾਕੀ ਵਰਗੀ ਨਵੀਂ ਖੇਡ ਵਿੱਚ ਸਾਮਲ ਹੋ ਕੇ ਉਨ੍ਹਾ ਦੇ ਸਕੂਲ ਦੇ ਬੱਚੇ ਨੇ ਪਹਿਲਾ ਸਥਾਨ ਪਰਾਪਤ ਕੀਤਾ ਹੈ। ਪਿੰਡ ਛੱਜੂਮਾਜਰਾ ਵਿੱਚ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਵਿੱਚ ਪਿੰਡ ਦੇ ਪਤਵੰਤਿਆਂ ਬੱਚਿਆਂ ਦੇ ਮਾਪਿਆਂ ਅਤੇ ਅਧਿਆਪਕਾਂ ਦੀ ਹਾਜਰੀ ਵਿੱਚ ਬੱਚਿਆਂ ਦਾ ਉਤਸਾਹ ਦੇਖਣ ਵਾਲਾ ਸੀ। ਸਕੂਲ ਮੁਖੀ ਗੁਰਮੀਤ ਕੌਰ ਅਤੇ ਦੂਜੇ ਅਧਿਆਪਕਾਂ ਨੂੰ ਉਮੀਦ ਹੈ ਕਿ ਉਨ੍ਹਾ ਦਾ ਸਕੂਲ ਜਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਵੀ ਮੱਲਾਂ ਮਾਰੇਗਾ

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵੱਲੋਂ ਵਿਦਿਆਰਥੀਆਂ ਲਈ ਟੂਰ

ਸੁਲਤਾਨਪੁਰ ਲੋਧੀ, (ਹਨੀ) ਸ਼੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿੱਚ ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਨੂੰ ਕਿਡਸ ਫਨ ਪਲੇਅ ਰੂਮ ਕਪੂਰਥਲਾ ਵਿਖੇ ਮੰਨੋਰੰਜਕ ਟ੍ਰਿਪ ਲਈ ਲਿਜਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੇ ਨਿਸ਼ਾਨੇਬਾਜੀ, ਬਾਕਸਿੰਗ, ਕੁੱਦਣਾ, ਲੁਕਣ ਮਿਚੀ, ਬਲਾਕਸ ਮੇਕਿੰਗ, ਸਲਾਈਡ, ਸਵਿੰਗ ਆਦਿ ਗੇਮਜ਼ ਦਾ ਲੁਤਫ ਉਠਾਇਆ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਅਦਾਰੇ ਵੱਲੋਂ ਅਜਿਹੀਆਂ ਗਤੀਵਿਧੀਆਂ ਦਾ ਪ੍ਰਬੰਧ ਕਰਨ ਦਾ ਮੁੱਖ ਉਦੇਸ਼ ਬੱਚਿਆਂ ਨੂੰ ਤਣਾਵ ਮੁਕਤ ਤੇ ਤਰੋ-ਤਾਜਾ ਰੱਖਣਾ ਹੈ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜ: ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਡਾਇਰੈਕਟਰ ਸਕੂਲ ਇੰਜ: ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜ. ਨਿਮਰਤਾ ਕੌਰ ਨੇ ਇਸ ਉਪਰਾਲੇ ਲਈ ਸਟਾਫ਼ ਮੈਂਬਰਾਂ ਦੀ ਪ੍ਰਸੰਸਾ ਕੀਤੀ।

ਸੋਨਮ ਚੌਧਰੀ ਨੇ ਵਧੀਕ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

ਐਸ.ਏ.ਐਸ. ਨਗਰ, (ਕ੍ਰਿਸ਼ਨ ਗਰਗ) ਸ੍ਰੀਮਤੀ ਸੋਨਮ ਚੌਧਰੀ, ਜੋ ਕਿ 2014 ਬੈਚ ਦੇ ਪੀ.ਸੀ.ਐਸ. ਅਧਿਕਾਰੀ ਹਨ, ਵੱਲੋਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਐਸ.ਏ.ਐਸ ਨਗਰ ਦਾ ਚਾਰਜ ਸੰਭਾਲਿਆ ਗਿਆ। ਉਨ੍ਹਾਂ ਇਸ ਤੋਂ ਪਹਿਲਾਂ ਬਤੌਰ ਜਆਇੰਟ ਕਮਿਸ਼ਨਰ, ਲੁਧਿਆਣਾ ਵਿਖੇ ਸੇਵਾ ਨਿਭਾਈ ਹੈ। ਜੁਆਇਨ ਕਰਨ ਤੋਂ ਪਹਿਲਾਂ ਉਨ੍ਹਾਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੂੰ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਰਸਮੀ ਗੱਲਬਾਤ ਦੌਰਾਨ ਸੂਬਾ ਸਰਕਾਰ ਦੀਆਂ ਪਾਰਦਰਸ਼ੀ ਨੀਤੀਆਂ ਅਨੁਸਾਰ ਆਪਣੀ ਜਿੰਮੇਵਾਰੀਆਂ ਅਤੇ ਡਿਊਟੀਆਂ ਨਿਭਾਉਣ ਦੀ ਵਚਨਬੱਧਤਾ ਪ੍ਰਗਟਾਈ ਤਾਂ ਜੋ ਵਿਕਾਸ ਕਾਰਜਾਂ ਦੇ ਨਾਲ-ਨਾਲ ਭਲਾਈ ਸਕੀਮਾਂ ਨੂੰ ਜਮੀਨੀ ਪੱਧਰ 'ਤੇ ਸਹੀ ਢੰਗ ਨਾਲ ਲਾਗੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਉਹ ਵਿਕਾਸ ਪ੍ਰੋਜੈਕਟਾਂ, ਨਾਗਰਿਕ ਪੱਖੀ ਸੇਵਾਵਾਂ ਅਤੇ ਭਲਾਈ ਸਕੀਮਾਂ ਨੂੰ ਹਾਂ-ਪੱਖੀ ਹੁਲਾਰਾ ਦੇ ਕੇ ਵਧੀਆਂ ਨਤੀਜੇ ਦੇਣ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਤੇ ਦਿਸ਼ਾ ਨਿਰਦੇਸ਼ ਅਨੁਸਾਰ ਕੰਮ ਕਰਨਗੇ ਅਤੇ ਆਪਣੀਆਂ ਸੇਵਾਵਾਂ ਨਿਭਾਉਣਗੇ।

ਸ਼ੋਭਾ ਯਾਤਰਾ 'ਚ ਸ਼ਾਮਲ ਹੋਏ ਜੋਗਿੰਦਰ ਸਿੰਘ ਮਾਨ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਪਲਾਹੀ ਗੇਟ ਅਤੇ ਬੰਗਾ ਰੋਡ ਫਗਵਾੜਾ ਤੋਂ ਸਜਾਈ ਗਈ ਵਿਸ਼ਾਲ ਸ਼ੋਭਾ ਯਾਤਰਾ 'ਚ ਆਮ ਆਦਮੀ ਪਾਰਟੀ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਏ ਅਤੇ ਪ੍ਰਬੰਧਕਾਂ ਸਮੇਤ ਸਮੂਹ ਸੰਗਤ ਨੂੰ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ। ਇਸ ਦੌਰਾਨ ਉਹਨਾਂ ਭਗਵਾਨ ਵਾਲਮੀਕਿ ਜੀ ਦੀ ਸੁੰਦਰ ਪਾਲਕੀ ਅੱਗੇ ਨਤਮਸਤਕ ਹੁੰਦਿਆਂ ਅਸ਼ੀਰਵਾਦ ਲਿਆ ਅਤੇ ਕਿਹਾ ਕਿ ਸ੍ਰਿਸ਼ਟੀ ਕਰਤਾ ਭਗਵਾਨ ਵਾਲਮੀਕਿ ਜੀ ਨੇ ਯੋਗ ਵਸ਼ਿਸ਼ਠ ਤੇ ਰਾਮਾਇਣ ਵਰਗੇ ਮਹਾਨ ਗ੍ਰੰਥਾਂ ਦੀ ਰਚਨਾ ਕਰਕੇ ਸੰਸਾਰ ਨੂੰ ਧਰਮ ਤੇ ਮਰਯਾਦਾ 'ਚ ਰਹਿਣ ਦਾ ਉਪਦੇਸ਼ ਦਿੱਤਾ। ਉਹਨਾਂ ਦੀਆਂ ਸਿੱਖਿਆਵਾਂ ਰਹਿੰਦੀ ਦੁਨੀਆ ਤੱਕ ਵਿਸ਼ਵ ਨੂੰ ਸੇਧ ਦਿੰਦੀਆਂ ਰਹਿਣਗੀਆਂ। ਪ੍ਰਬੰਧਕਾਂ ਵਲੋਂ ਜੋਗਿੰਦਰ ਸਿੰਘ ਮਾਨ ਅਤੇ ਹੋਰਨਾਂ ਪਤਵੰਤਿਆਂ ਨੂੰ ਸਿਰੋਪਾ ਪਾ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਉਹਨਾਂ ਦੇ ਨਾਲ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ, ਹਰਮੇਸ਼ ਪਾਠਕ, ਹਰਨੂਰ ਸਿੰਘ ਹਰਜੀ ਮਾਨ, ਨਰੇਸ਼ ਸ਼ਰਮਾ, ਫੌਜੀ ਸ਼ੇਰਗਿਲ, ਵਰੁਣ ਬੰਗੜ ਚੱਕ ਹਕੀਮ, ਰਣਜੀਤ ਪਾਲ ਪਾਬਲਾ, ਮਨਪ੍ਰੀਤ ਸਿੰਘ, ਪਰਮਜੀਤ ਧਰਮਕੋਟ, ਜਤਿੰਦਰ ਢੰਡਾ, ਰਜਿੰਦਰ ਢੰਡਾ, ਅਸ਼ਵਨੀ ਬਘਾਣੀਆ, ਗੁਰਦੀਪ ਸਿੰਘ ਤੁਲੀ, ਫੌਜੀ ਸ਼ੇਰਗਿਲ, ਰਾਜਾ ਕੌਲਸਰ, ਪ੍ਰਿਤਪਾਲ ਕੌਰ ਤੁਲੀ, ਰੁਪਿੰਦਰ ਕੌਰ, ਮੋਨਿਕਾ, ਅਮਨਦੀਪ, ਰਘਬੀਰ ਕੌਰ, ਆਸ਼ੂ ਪਲਾਹੀ ਗੇਟ, ਬਾਦਸ਼ਾਹ ਆਦਿ ਹਾਜਰ ਸਨ।

ਤਿੰਨ ਕਿਲੋ ਅਫੀਮ ਸਮੇਤ ਤਿੰਨ ਕਾਬੂ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)— ਨਸ਼ਾ ਸਮੱਗਲਰ ਬੱਸ ਸਟੈਂਡ ਸ੍ਰੀ ਚਮਕੌਰ ਸਾਹਿਬ ਦੇ ਸਾਹਮਣੇ ਮੇਨ ਰੋਡ 'ਤੇ ਤਿੰਨ ਕਿਲੋ ਅਫੀਮ ਸਮੇਤ ਕਾਬੂ ਕੀਤੇ ਗਏ। ਪੁੱਛਗਿੱਛ ਵਿੱਚ ਪਤਾ ਲੱਗਾ ਗਿਆਨ ਸਿੰਘ ਵਾਸੀ ਪਿੰਡ ਧਰਮਪੁਰ ਤਹਿਸੀਲ ਅਤੇ ਜ਼ਿਲ੍ਹਾ ਬਦਾਊਂ ਯੂ. ਪੀ ਦਾ ਰਹਿਣ ਵਾਲਾ ਹੈ ਜੋ ਕਿ ਅਫੀਮ ਦਾ ਸਮੱਗਲਰ ਹੈ

29-Oct-Sunday.qxd 10/28/2023 8:27 PM Page 1

32ਵੇਂ ਮੇਲਾ ਗ਼ਦਰੀ ਬਾਬਿਆਂ ਦਾ ਨੂੰ ਸਮਰਪਤ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 29 ਅਕਤੂਬਰ 2023

www.nawanzamana.in

ਕੀਮਤ 5.00 ਰੁਪਏ

ਸਰ ਫ਼ਰੋਸ਼ੀ ਕੀ ਤਮੰਨਾ
ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ
ਬਾਜ਼ੂ ਏ ਕਾਤਿਲ ਮੇਂ ਹੈ।

- ਰਾਮ ਪ੍ਰਸਾਦ ਬਿਸਮਲ

ਗ਼ਦਰ ਪਾਰਟੀ ਦੇ ਇਤਿਹਾਸ ਤੋਂ ਪ੍ਰੇਰਨਾ ਲੈਂਦਿਆਂ

ਸੱਚੀ ਦੇਸ਼ਭਗਤੀ, ਬਰਾਬਰਤਾ ਅਤੇ ਧਰਮ-ਨਿਰਪੱਖਤਾ ਦਾ ਪ੍ਰਚਮ ਬੁਲੰਦ ਕਰੋ

ਅਜਮੇਰ ਸਿੰਘ

ਗ਼ਦਰੀ ਬਾਬਿਆਂ ਦਾ 32ਵਾਂ ਮੇਲਾ ਗ਼ਦਰ ਪਾਰਟੀ ਦੀ ਵਿਰਾਸਤ ਅਤੇ ਵਰਤਮਾਨ ਚੁਣੌਤੀਆਂ ਨੂੰ ਸਮਰਪਿਤ ਹੈ। ਗ਼ਦਰ ਪਾਰਟੀ ਦੀ ਵਿਰਾਸਤ ਹੈ— ਆਜ਼ਾਦੀ, ਸੱਚੀ-ਸੁੱਚੀ ਦੇਸ਼ਭਗਤੀ, ਬਰਾਬਰੀ, ਨਿਆਂ ਅਤੇ ਧਰਮ ਨਿਰਪੱਖਤਾ ਉੱਪਰ ਅਧਾਰਤ ਸਮਾਜ ਦੀ ਸਿਰਜਣਾ। ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਮੌਕੇ ਗ਼ਦਰੀ ਬਾਬਿਆਂ ਦੇ ਕੁਰਬਾਨੀ ਭਰੇ ਸੰਗਰਾਮੀ ਜੀਵਨ ਤੋਂ ਪ੍ਰੇਰਨਾ ਲੈ ਕੇ ਉਹਨਾਂ ਦੇ ਅਧੂਰੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਅਹਿਦ ਕਰਨਾ ਹੈ। ਗ਼ਦਰੀ ਬਾਬੇ ਜਿਨ੍ਹਾਂ ਦੇ ਹੌਸਲਿਆਂ ਨੂੰ ਫਾਂਸੀਆਂ, ਕਾਲੇ ਪਾਣੀਆਂ ਦੀਆਂ ਉਮਰ ਕੈਦਾਂ,

ਇੱਕ ਮੇਲੇ 'ਤੇ ਮਸ਼ਾਲ ਲੈ ਕੇ ਖੜੇ ਭਗਤ ਸਿੰਘ ਬਿਲਗਾ ਗੰਧਰਵ ਸੇਨ ਕੋਛੜ, ਗੁਰਮੀਤ, ਅਮੋਲਕ ਅਤੇ ਹੋਰ

ਜਾਇਦਾਦਾਂ ਦੀ ਜ਼ਬਤੀ ਵੀ ਹਰਾ ਨਾ ਸਕੀਆਂ। ਇਸੇ ਬੁਲੰਦ ਹੌਸਲੇ ਨਾਲ ਗ਼ਦਰੀ ਬਾਬਿਆਂ ਨੇ ਆਜ਼ਾਦੀ ਦੀ ਹਰ ਲਹਿਰ ਵਿੱਚ ਮੋਹਰੀ ਭੂਮਿਕਾ ਨਿਭਾਈ।

ਗ਼ਦਰੀ ਬਾਬੇ ਅੰਗਰੇਜ਼ਾਂ ਦਾ ਬਸਤੀਵਾਦੀ ਰਾਜ ਖ਼ਤਮ ਕਰਕੇ ਆਪਣੀਆਂ ਨੀਤੀਆਂ ਦੇਸ਼ ਦੇ ਲੋਕਾਂ ਦੀਆਂ ਲੋੜਾਂ ਅਨੁਸਾਰ ਲੋਕਾਂ ਦੇ ਜੀਵਨ ਪੱਧਰ ਨੂੰ ਖੁਸ਼ਹਾਲ ਬਣਾਉਣ ਤੇ ਉੱਚਾ ਚੁੱਕਣ ਦੇ ਮੁਦਈ ਸਨ, ਪ੍ਰੰਤੂ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਵੀ ਸਾਮਰਾਜੀ ਲੁੱਟ ਤੇਜ਼ ਹੋਈ। ਆਰਥਿਕਤਾ ਦੇ ਖੇਤਰ ਵਿੱਚ ਸਾਮਰਾਜੀ ਦਖ਼ਲਅੰਦਾਜ਼ੀ ਲਗਾਤਾਰ ਵਧੀ। 1990-91 'ਚ ਅਪਣਾਈਆਂ ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੇ ਸਾਮਰਾਜੀ ਲੁੱਟ ਦੇ ਸਾਰੇ ਦਰਵਾਜ਼ੇ ਖੋਹਲ ਦਿੱਤੇ। ਸੰਸਾਰ ਵਿੱਤੀ ਸੰਸਥਾਵਾਂ—ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਅਤੇ ਵਿਸ਼ਵ ਵਪਾਰ ਸੰਸਥਾ ਵੱਲੋਂ ਨਿਰਦੇਸ਼ਤ ਨੀਤੀਆਂ ਅਪਣਾਈਆਂ ਜਾ ਰਹੀਆਂ ਹਨ। ਦੇਸੀ ਪੂੰਜੀਪਤੀ ਵੀ ਅਣਗਿਣਤ ਤਰੀਕਿਆਂ ਨਾਲ ਸਾਮਰਾਜੀ ਪੂੰਜੀ ਨਾਲ ਜੁੜੇ ਹੋਏ ਹਨ। ਮਾਈਕਰੋ ਫਾਈਨਾਂਸ ਰਾਹੀਂ ਰਿਆਲਿਟੀ, ਵਿਆਜ ਦੀਆਂ ਅਦਾਇਗੀਆਂ, ਉੱਨਤ ਟੈਕਨਾਲੋਜੀ ਦੀ ਖਰੀਦ ਦੇ ਮੋੜੇ ਰਾਹੀਂ ਅਤੇ ਕਈ ਹੋਰ ਮੱਦਾਂ ਦੇ ਰੂਪ ਵਿੱਚ ਰਾਸ਼ੀ ਸਾਮਰਾਜੀ ਦੇਸ਼ਾਂ ਨੂੰ ਚਲੀ ਜਾਂਦੀ ਹੈ। ਭਾਰਤ ਸਾਮਰਾਜੀ ਦੇਸ਼ਾਂ ਤੋਂ ਹਥਿਆਰਾਂ ਦਾ ਵੱਡਾ ਖਰੀਦਦਾਰ ਹੈ।

ਅਜਿਹੀਆਂ ਨੀਤੀਆਂ ਨੇ ਗਰੀਬੀ-ਅਮੀਰੀ ਦੇ ਪਾੜੇ 'ਚ ਵਾਧਾ ਕੀਤਾ, ਬੇਰੁਜ਼ਗਾਰੀ ਸਿਖਰਾਂ 'ਤੇ ਪਹੁੰਚੀ। ਭੁੱਖਮਰੀ ਤੇ ਕੁਪੋਸ਼ਣ ਦੀ ਸਮੱਸਿਆ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਭਾਰਤ 'ਚ ਸਭ ਤੋਂ ਵੱਧ ਗਰੀਬਾਂ ਦਾ ਘਰ ਹੈ। ਦੂਜੇ ਪਾਸੇ ਪਿਛਲੇ ਪੰਜ ਸਾਲਾਂ 'ਚ ਅਮੀਰਾਂ ਦੇ 14 ਲੱਖ ਕਰੋੜ ਦੇ ਕਰੀਬ ਕਰਜ਼ੇ ਮੁਆਫ਼ ਕੀਤੇ ਗਏ ਤੇ 20 ਲੱਖ ਕਰੋੜ ਦੇ ਟੈਕਸਾਂ ਦੀ ਛੋਟ ਦਿੱਤੀ ਗਈ। 1% ਭਾਰਤੀਆਂ ਕੋਲ ਦੇਸ਼ ਦੀ 40% ਦੌਲਤ ਹੈ।

ਮੌਜੂਦਾ ਹਾਕਮ ਪਾਰਟੀ ਦਾ ਅੰਗਰੇਜ਼ਾਂ ਖਿਲਾਫ਼ ਆਜ਼ਾਦੀ ਦੇ ਸੰਘਰਸ਼ ਵਿੱਚ ਕੋਈ ਯੋਗਦਾਨ ਨਹੀਂ, ਸਗੋਂ ਉਹ ਅੰਗਰੇਜ਼ਾਂ ਦੀ ਮਦਦ ਕਰਦੇ ਰਹੇ। ਇਸ ਕਰਕੇ ਉਹ ਇਤਿਹਾਸ ਨੂੰ ਮੁੜ ਲਿਖਣ ਦਾ ਯਤਨ ਕਰ ਰਹੇ ਹਨ ਅਤੇ ਭਾਰਤੀ ਲੋਕਾਂ ਦੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਦੇ ਇਤਿਹਾਸ ਨੂੰ ਮਿਟਾਉਣ ਉਪਰ ਤੁਲੇ ਹੋਏ ਹਨ। ਉਹ ਮਿਥਿਹਾਸ ਨੂੰ ਇਤਿਹਾਸ ਵਜੋਂ ਪੇਸ਼ ਕਰਕੇ ਇਸ ਨੂੰ ਸਵਰਨ-ਯੁੱਗ ਦਾ ਨਾਂਅ ਦੇ ਰਹੇ ਹਨ ਅਤੇ ਹਿੰਦੂ ਰਾਜ ਦੀ ਸਥਾਪਤੀ ਲਈ ਹਿੰਦੂਤਵ ਦੇ ਏਜੰਡੇ ਨੂੰ ਉਤਸ਼ਾਹਿਤ ਕਰ ਰਹੇ ਹਨ। ਉੱਚ ਜਾਤੀ ਦੇ ਸੱਭਿਆਚਾਰ ਦਾ ਦਾਬਾ ਬਣਾਉਣ ਲਈ ਸੱਭਿਆਚਾਰ ਅਤੇ ਹੋਰ ਅਗਾਂਹਵਧੂ ਕਲਾਕ੍ਰਿਤਾਂ ਉੱਤੇ ਹਮਲੇ ਕਰ ਰਹੇ ਹਨ। ਦੋ ਥੰਮਾਂ—ਕਾਰਪੋਰੇਟ ਅਤੇ ਫਿਰਕਾਪ੍ਰਸਤੀ 'ਤੇ ਟਿਕੀ ਸਰਕਾਰ ਆਪਣੇ ਰਾਜ ਦੇ ਵਾਧੇ ਲਈ ਫਿਰਕੂ ਧਰੁਵੀਕਰਨ ਨੂੰ ਤੇਜ਼ ਕਰ ਰਹੀ ਹੈ। 2002 ਵਿੱਚ ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ, ਪਿੰਡਾਂ ਵਿੱਚ ਮੁਸਲਮਾਨਾਂ ਅਤੇ ਇਸਾਈਆਂ ਉੱਪਰ ਹਮਲੇ, ਮੁਸਲਮਾਨਾਂ ਵਿਰੁੱਧ ਸਮੂਹਿਕ ਕਤਲ, ਬਲਾਤਕਾਰ, ਅਗਜ਼ਨੀ ਅਤੇ ਤਬਾਹੀ ਲਈ ਖਰੂਦੀ ਟੋਲਿਆਂ ਨੂੰ ਖੁੱਲ੍ਹੀਆਂ ਛੁੱਟੀਆਂ ਦਿੱਤੀਆਂ ਗਈਆਂ। ਇਸਾਈਆਂ ਉੱਪਰ ਹਮਲੇ ਅਤੇ ਉਹਨਾਂ ਦੇ ਗਿਰਜਾਘਰ ਸਾੜੇ ਜਾ ਰਹੇ ਹਨ। ਦਲਿਤ ਭਾਈਚਾਰੇ ਨਾਲ ਸੰਬੰਧਤ ਨੌਜਵਾਨਾਂ ਨੂੰ ਕੁੱਟ-ਕੁੱਟ ਕੇ ਮਾਰਨਾ, ਸ਼ੱਕ ਦੇ ਅਧਾਰ 'ਤੇ ਵੀ ਉਹਨਾਂ ਨੂੰ ਜਬਰ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। 2013 ਵਿੱਚ ਯੂਪੀ ਦੇ ਮੁਜ਼ੱਫਰਪੁਰ ਜ਼ਿਲ੍ਹੇ ਵਿੱਚ ਕਰਵਾਈ ਹਿੰਸਾ, ਸੀ.ਏ.ਏ.-ਐੱਨ.ਆਰ.ਸੀ. ਵਿਰੋਧੀ ਅੰਦੋਲਨ ਨੂੰ ਦਬਾਉਣ ਦੇ ਨਾਂਅ 'ਤੇ 53 ਮੁਸਲਮਾਨਾਂ ਦਾ ਕਤਲ ਅਤੇ ਯੂਪੀ ਨੂੰ ਅਪਰਾਧ ਮੁਕਤ ਵਿਕਾਸ ਮਾਡਲ ਵਜੋਂ ਪੇਸ਼ ਕੀਤਾ ਗਿਆ। ਮਨੀਪੁਰ ਅਤੇ ਨੂਹ (ਹਰਿਆਣਾ) ਵਿੱਚ ਵਾਪਰੀਆਂ ਘਟਨਾਵਾਂ ਧਰੁਵੀਕਰਨ ਦੀਆਂ ਤਾਜ਼ਾਂ ਉਦਾਹਰਨਾਂ ਹਨ।

ਵਿਧਾਨਪਾਲਿਕਾ, ਕਾਰਜਪਾਲਿਕਾ ਉੱਪਰ ਕਬਜ਼ਾ ਕਰਨ ਤੋਂ ਬਾਅਦ ਨਿਆਂਪਾਲਿਕਾ 'ਤੇ ਕਬਜ਼ਾ ਕਰਨ ਲਈ ਜੱਜਾਂ ਦੀ ਨਿਯੁਕਤੀ ਲਈ ਕੌਲਜੀਅਮ ਪ੍ਰਣਾਲੀ ਖ਼ਤਮ ਕਰਨ ਦੇ ਯਤਨ ਹੋ ਰਹੇ ਹਨ ਤਾਂ ਜੋ ਆਪਣੀ ਪਸੰਦ ਦੇ ਜੱਜ ਨਿਯੁਕਤ ਕੀਤੇ ਜਾ ਸਕਣ। ਇਸ ਸੰਬੰਧੀ ਵਿਰੋਧੀ ਵਿਚਾਰ ਪ੍ਰਗਟਾਉਣ ਵਾਲਿਆਂ ਦੀ ਨਿੰਦਾ ਕੀਤੀ ਗਈ। ਕੌਲਜੀਅਮ ਵੱਲੋਂ ਸਿਫਾਰਿਸ਼ ਕੀਤੇ ਨਾਵਾਂ ਨੂੰ ਸਰਕਾਰ ਵੱਲੋਂ ਪ੍ਰਵਾਨਗੀ ਦੇਣ 'ਚ ਅੜਚਣਾਂ ਪੈਦਾ ਕਰਨੀਆਂ ਸੁਤੰਤਰ ਨਿਆਂਪਾਲਿਕਾ ਉੱਪਰ ਹਮਲਾ ਹੈ।

ਵਿਰੋਧ ਮੁਕਤ ਭਾਰਤ ਦੀ ਸਿਰਜਣਾ ਲਈ ਭੀਮਾ-ਕੋਰੇਗਾਉਂ ਤੋਂ ਲੈ ਕੇ ਨਿਊਜ਼ ਕਲਿਕ, ਨਿਊਜ਼ ਪੋਰਟਲ ਦੇ ਮੁੱਖ ਸੰਪਾਦਕ ਸਮੇਤ ਇਸ ਅਦਾਰੇ ਨਾਲ ਸੰਬੰਧਤ ਅਦਾਰੇ ਦੇ ਪੱਤਰਕਾਰਾਂ ਨੂੰ ਪੁਲਸ ਰਿਰਾਸਤ 'ਚ ਲੈਣ, ਉਹਨਾਂ ਉੱਪਰ ਯੂ.ਏ.ਪੀ.ਏ ਧਾਰਾਵਾਂ ਤਹਿਤ ਪਰਚੇ ਦਰਜ ਕਰਨਾ ਆਦਿ ਤਾਜ਼ਾਂ ਘਟਨਾਵਾਂ ਹਨ।

ਪੱਤਰਕਾਰਾਂ ਨੂੰ ਪੁੱਛੇ ਗਏ ਸਵਾਲ, ਉਹਨਾਂ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਹੋਏ ਅੰਦੋਲਨ, ਕਿਸਾਨ ਅੰਦੋਲਨ, ਦਿੱਲੀ ਵਿੱਚ ਹੋਏ ਦੰਗਿਆਂ, ਜੇ.ਐੱਨ.ਯੂ. ਵਿੱਚ ਵਿਦਿਆਰਥੀਆਂ ਉਪਰ ਹੋਏ ਹਮਲੇ ਬਾਰੇ ਦਿੱਤੀਆਂ ਖ਼ਬਰਾਂ ਬਾਰੇ ਕੀਤੀ ਪੁੱਛਗਿੱਛ ਵਿਰੋਧੀ ਆਵਾਜ਼ ਨੂੰ ਡਰਾਉਣ, ਧਮਕਾਉਣ ਅਤੇ ਚੁੱਪ ਕਰਾਉਣ ਦਾ ਹਥਿਆਰ ਹੈ। ਸਰਕਾਰ ਦੀਆਂ ਨੀਤੀਆਂ ਦੀ ਅਲੋਚਨਾ, ਵਿਰੋਧ ਅਤੇ ਵਖਰੇਵੇਂ ਨੂੰ ਸੀ.ਬੀ.ਆਈ., ਈ.ਡੀ., ਐੱਨ.ਆਈ.ਏ. ਰਾਹੀਂ ਚੁੱਪ ਕਰਾਇਆ ਜਾ ਰਿਹਾ ਹੈ।

ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਮੌਕੇ ਗ਼ਦਰੀ ਬਾਬਾ ਸੋਹਣ ਸਿੰਘ ਭਕਨਾ ਨੇ ਫਾਂਸੀ ਚੜ੍ਹ ਰਹੇ ਆਪਣੇ ਸਾਥੀਆਂ ਦਾ ਸੰਦੇਸ਼ ਲੋਕਾਂ ਨਾਲ ਸਾਂਝਾ ਕੀਤਾ ਸੀ। ਉਹਨਾਂ ਦਾ ਇਹ ਸੰਦੇਸ਼ ਅੱਜ ਵੀ ਦੁਹਰਾਉਣਾ ਉਚਿਤ ਹੋਵੇਗਾ—"ਐ ਮਾਤ-ਭੂਮੀ ਅਸੀਂ ਤੇਰੇ ਗੁਲਾਮੀ ਦੇ ਬੰਧਨਾਂ ਨੂੰ ਤੋੜ ਨਹੀਂ ਸਕੇ, ਇਸ ਦਾ ਸਾਨੂੰ ਦੁੱਖ ਹੈ। ਪਰ ਸਾਨੂੰ ਭਰੋਸਾ ਹੈ ਕਿ ਸਾਡੇ ਪਿੱਛੇ ਰਹੇ ਸਾਥੀ ਇਸ ਕੰਮ ਨੂੰ ਪੂਰਾ ਕਰਨਗੇ ਅਤੇ ਜਦ ਤਾਈਂ ਉਹਨਾਂ ਵਿੱਚੋਂ ਇੱਕ ਵੀ ਜੀਂਦਾ ਰਿਹਾ, ਆਪਣੇ ਕੀਤੇ ਪ੍ਰਣ ਤੋਂ ਮੁੱਖ ਨਹੀਂ ਮੋੜੇਗਾ।" ਉਹਨਾਂ ਦੇ ਜਿਉਂਦੇ ਰਹੇ ਸਾਥੀਆਂ ਨੇ ਉਹਨਾਂ ਦੇ ਬੋਲਾਂ ਨੂੰ ਪੂਰਾ ਕਰਨ ਲਈ ਆਪਣੇ ਆਖ਼ਰੀ ਸਾਹਾਂ ਤੱਕ ਉਹਨਾਂ ਨੂੰ ਪੁਗਾਉਣ ਦਾ ਯਤਨ ਕੀਤਾ ਅਤੇ ਹਰ ਲਹਿਰ ਵਿੱਚ ਹਿੱਸਾ ਹੀ ਨਹੀਂ ਲਿਆ, ਸਗੋਂ ਮੋਹਰੀ ਭੂਮਿਕਾ ਨਿਭਾਈ। ਗ਼ਦਰੀ ਬਾਬਿਆਂ ਵੱਲੋਂ ਲੋਕਾਂ ਨੂੰ ਧਰਮ, ਜਾਤ, ਫਿਰਕਿਆਂ 'ਚ ਆਪਸੀ ਨਫ਼ਰਤੀ ਜ਼ਹਿਰ ਘੋਲ ਕੇ ਪਾੜ ਕੇ ਆਪਸ ਵਿੱਚ ਲੜਾਉਣ ਵਿਰੁੱਧ ਉਹਨਾਂ ਦਾ ਦਿੱਤਾ ਇਹ ਸੰਦੇਸ਼ ਵੀ ਕਵਿਤਾ ਦੇ ਰੂਪ 'ਚ ਅੱਜ ਵੀ ਓਨਾ ਹੀ ਪ੍ਰਸੰਗਿਕ ਹੈ—

ਹਿੰਦੂ-ਮੋਮਨੋ ਮੁਗ਼ਲ ਪਠਾਨ ਮਿਲਕੇ,
ਬੇੜਾ ਦਿਓ ਫਰੰਗੀਆਂ ਦਾ ਗਾਲ ਸਿੰਘੋ।
ਮਿਲ ਕੇ ਸਭ ਗਰੀਬਾਂ ਨੇ ਗ਼ਦਰ ਕਰਨਾ,
ਆਸ ਰੱਖਣੀ ਨਾ ਸ਼ਾਹੂਕਾਰ ਵਾਲੀ।
ਛੂਆਛਾਤ ਦਾ ਕੋਈ ਖਿਆਲ ਨਾਹੀਂ,
ਸਾਨੂੰ ਪਰਖ ਨਾ ਚੂਹੜੇ ਚਮਾਰ ਵਾਲੀ।
ਹਿੰਦੁਸਤਾਨ ਵਾਲੇ ਸਭ ਹੋਣ ਭਾਈ,
ਨੀਅਤ ਰੱਖਣੀ ਨਹੀਂ ਮਕਾਰ ਵਾਲੀ।
ਖਾਤਰ ਅਸਾਂ ਨੇ ਆਜ਼ਾਦੀ ਦੇ ਜੰਗ ਕਰਨਾ,
ਕਰਨੀ ਰਸਮ ਹੁਣ ਦੂਰ ਵਗਾਰ ਵਾਲੀ।

ਆਓ ਦੇਸ਼ ਭਗਤਾਂ, ਗ਼ਦਰੀ ਬਾਬਿਆਂ ਦੇ ਇਹਨਾਂ ਸੁਨੇਹਿਆਂ ਨੂੰ ਆਪਣੀ ਜ਼ਿੰਦਗੀ 'ਚ ਰਚਾ ਕੇ ਦੇਸ਼ ਦੀ ਨਿੱਘਰ ਰਹੀ ਹਾਲਤ ਨੂੰ ਸਮਝ ਕੇ ਉਹਨਾਂ ਵੱਲੋਂ ਜਗਾਈ ਜੋਤ ਨੂੰ ਹਰ ਘਰ, ਹਰ ਪਿੰਡ, ਹਰ ਸ਼ਹਿਰ ਨੂੰ ਪਹੁੰਚਾਉਣ ਦਾ ਅਹਿਦ ਕਰੀਏ, ਤਾਂ ਜੋ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜ ਸਕੀਏ।

- ਪ੍ਰਧਾਨ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ

ਲੋਕ ਸੰਘਰਸ਼ਾਂ ਅਤੇ ਸਾਂਝੀਵਾਲਤਾ ਦਾ ਹੋਕਾ ਦਿੰਦਾ

ਮੇਲਾ ਗਦਰੀ ਬਾਬਿਆਂ ਦਾ

ਗੁਰਮੀਤ

ਅੱਜ ਤੋਂ ਇਕੱਤੀ ਸਾਲ ਪਹਿਲਾਂ ਹਮਖਿਆਲ ਦੋਸਤਾਂ ਨੇ ਆਜ਼ਾਦੀ ਸੰਘਰਸ਼ ਵਿਚਲੇ ਜੁਝਾਰੂ ਯੋਧਿਆਂ ਦੀ ਅਗਵਾਈ ਵਿੱਚ ਉਸ ਸਮੇਂ ਚੱਲ ਰਹੇ ਅਖੌਤੀ ਸੱਭਿਆਚਾਰਕ ਮੇਲਿਆਂ ਦੇ ਉਸਾਰੂ ਬਦਲ ਵਜੋਂ ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ ਦੇ ਬੈਨਰ ਹੇਠ 'ਮੇਲਾ ਗਦਰੀ ਬਾਬਿਆਂ ਦਾ' ਪਹਿਲੀ ਵਾਰ ਮਨਾਉਣ ਦਾ ਫੈਸਲਾ ਕੀਤਾ ਸੀ। ਉਸ ਸਮੇਂ ਸਾਡੇ ਇਸ ਕਾਫਲੇ ਨਾਲ ਭਾਵੇਂ ਬਹੁਤ ਵੱਡੀ ਗਿਣਤੀ ਵਿੱਚ ਲੋਕ ਨਹੀਂ ਸਨ, ਪਰ ਉਹਨਾ ਦੀ ਵਿਚਾਰਧਾਰਕ ਦ੍ਰਿੜ੍ਹਤਾ ਅਤੇ ਅਸਲੀ ਅਰਥਾਂ ਵਿੱਚ ਸਮਾਜਿਕ ਬਰਾਬਰੀ ਵਾਲੇ ਇੱਕ ਨਿਜ਼ਾਮ ਨੂੰ ਉਸਾਰਨ ਦੀ ਬੇਇੰਤਹਾ ਲਗਨ ਸੀ, ਜਿਸ ਕਰਕੇ ਇਹ ਕਾਫਲਾ ਦਿਨੋ-ਦਿਨ ਵੱਡਾ ਵੀ ਹੁੰਦਾ ਗਿਆ ਅਤੇ ਸਾਬਤ ਕਦਮੀਂ ਅੱਗੇ ਵੀ ਵਧਦਾ ਗਿਆ ਅਤੇ ਅੱਜ ਪੰਜਾਬ ਵਿੱਚ ਹੀ ਨਹੀਂ, ਸਗੋਂ ਜਾਗਦੀ ਜ਼ਮੀਰ ਵਾਲੇ ਦੇਸ਼-ਵਿਦੇਸ਼ ਵਿੱਚ ਬੈਠੇ ਲੋਕ ਵੀ ਇਸ ਮੇਲੇ ਦੀਆਂ ਤਰੀਕਾਂ ਨਾਲ ਹੀ ਆਪਣੇ ਰੁਝੇਵੇਂ ਅੱਗੇ-ਪਿੱਛੇ ਕਰ ਲੈਂਦੇ ਹਨ। ਇਹ ਮੇਲਾ ਸਹੀ ਅਰਥਾਂ ਵਿੱਚ ਹੁਣ ਇੱਕ ਲੋਕ ਲਹਿਰ ਬਣ ਚੁੱਕਿਆ ਹੈ, ਜਿਸ ਵਿੱਚ ਹਰ ਸਾਲ ਚੇਤਨਾ ਦਾ ਹੋਕਾ ਦਿੱਤਾ ਜਾਂਦਾ ਹੈ। ਹਰ ਵਾਰ 'ਮੇਲੀ ਮੇਲੇ' 'ਚੋਂ ਕੁਝ ਨਵਾਂ ਲੈ ਕੇ ਘਰੀ ਜਾਂਦੇ ਹਨ। ਜਿਸ ਦਾ ਸੰਚਾਰ ਉਹ ਆਪਣੇ ਜੀਵਨ ਵਿੱਚ ਵੀ ਅਤੇ ਸਮਾਜ ਵਿੱਚ ਵੀ ਲਗਾਤਾਰ ਕਰਦੇ ਨਜ਼ਰ ਆਉਂਦੇ ਹਨ।

ਇਸ ਮੇਲੇ ਨੂੰ ਸ਼ੁਰੂ ਕਰਨ ਸਮੇਂ ਸਾਡੇ ਮਨਾਂ ਵਿੱਚ ਇਸ ਦੇ ਪਿਛੋਕੜ ਵਿੱਚ ਆਜ਼ਾਦੀ ਦੀ ਇਤਿਹਾਸਕ ਅਤੇ ਨਿਰਣਾਇਕ ਜੰਗ ਤੋਂ ਵੀ ਹੋਰ ਪਿੱਛੇ ਜਾਂਦਿਆਂ ਮੱਧਕਾਲੀ ਪੰਜਾਬ ਦੇ ਵਿਲੱਖਣ ਸੁਭਾਅ ਅਤੇ ਸੋਚ ਵਾਲੀਆਂ ਘਟਨਾਵਾਂ ਕੰਮ ਕਰਦੀਆਂ ਸਨ। ਉੱਤਰੀ ਭਾਰਤ ਦੀ ਭਗਤੀ ਲਹਿਰ ਗੁਰਮਤਿ ਲਹਿਰ ਅਤੇ ਸੂਫੀਆਂ ਨੇ ਇਸ ਖਿੱਤੇ ਵਿੱਚ ਵਸਣ ਵਾਲੇ ਲੋਕਾਂ ਦੇ ਸੁਭਾਅ ਅਤੇ ਕਿਰਦਾਰ ਵਿੱਚ ਇੱਕ ਅਜਿਹੀ ਵਿਲੱਖਣਤਾ ਲਿਆਂਦੀ, ਜਿਸ ਨੂੰ 1849 ਈਸਵੀ ਨੂੰ ਜਦੋਂ ਪੰਜਾਬ ਵੀ ਸਮੁੱਚੇ ਹਿੰਦੁਸਤਾਨ ਵਾਂਗ ਅੰਗਰੇਜ਼ੀ ਰਾਜ ਦਾ ਹਿੱਸਾ ਬਣਾ ਲਿਆ ਜਾਂਦਾ ਹੈ ਤਾਂ ਉਸ ਸਮੇਂ ਤੋਂ ਭਾਈ ਮਹਾਰਾਜ ਸਿੰਘ ਦੀ ਅਗਵਾਈ ਵਿੱਚ ਅੰਗਰੇਜ਼ੀ ਰਾਜ ਵੰਗਾਰਨ ਵਾਲੇ ਮੋਰਚੇ ਦੀ ਸ਼ੁਰੂਆਤ ਹ�و ਜਾਂਦੀ ਹੈ, ਜੋ ਬਾਅਦ ਵਿੱਚ 1857 ਤੱਕ ਇੱਕ ਅਜਿਹੀ ਲਹਿਰ ਬਣ ਜਾਂਦੀ ਹੈ, ਜੋ ਅੰਗਰੇਜ਼ੀ ਰਾਜ ਲਈ ਪਰੇਸ਼ਾਨੀ ਬਣਦੀ ਹੈ। ਇਸ ਲਹਿਰ ਵਿੱਚ ਖਾਸ ਕਰਕੇ ਉੱਤਰੀ ਭਾਰਤ ਦੇ ਹੋਰ ਕਈ ਲੋਕ ਵੀ ਸ਼ਾਮਲ ਹੁੰਦੇ ਗਏ, ਮੰਗਲ ਪਾਂਡੇ ਉਹਨਾਂ ਵਿੱਚੋਂ ਇੱਕ ਮਹੱਤਵਪੂਰਨ ਨਾਂਅ ਵਜੋਂ ਸਾਹਮਣੇ ਆਉਂਦਾ ਹੈ। ਫਿਰ 1872 ਦੀ ਕੂਕਾ ਲਹਿਰ ਜਿਸ ਵਿੱਚ ਬੇਕਸੂਰ ਕੂਕਿਆਂ ਨੂੰ ਤੋਪ ਦੇ ਗੋਲਿਆਂ ਨਾਲ ਉਡਾਇਆ ਗਿਆ ਅਤੇ ਅਜਿਹੀਆਂ ਹੋਰ ਘਟਨਾਵਾਂ ਨਾਲ ਆਜ਼ਾਦੀ ਪ੍ਰਾਪਤੀ ਦੀ ਲਹਿਰ ਹੋਰ ਵੀ ਤਿੱਖੇ ਰੂਪ ਵਿੱਚ ਅੱਗੇ ਵਧਦੀ ਹੈ। 'ਪਗੜੀ ਸੰਭਾਲ ਜੱਟਾ' ਲਹਿਰ 1905 ਵਿੱਚ ਖੜੀ ਹੁੰਦੀ ਹੈ। ਇਸ ਲਹਿਰ ਦੀ ਸ਼ੁਰੂਆਤ ਅੰਗਰੇਜ਼ੀ ਸਰਕਾਰ ਵੱਲੋਂ ਕਿਸਾਨ-ਮਾਰੂ ਕੁਝ ਅਜਿਹੇ ਕਾਨੂੰਨ ਲਿਆਂਦੇ ਗਏ, ਜਿਸ ਨਾਲ ਕਿਸਾਨ ਖੇਤਾਂ ਦਾ ਮਾਲਕ ਹੁੰਦਿਆਂ ਵੀ 'ਘਸਿਆਰਾ' ਬਣਾ ਕੇ ਰੱਖ ਦੇਣ ਦਾ ਰਾਹ ਖੁੱਲ੍ਹਦਾ ਸੀ। ਉਸ ਸਮੇਂ ਦੇ ਇਨਕਲਾਬੀ ਸ਼ਾਇਰ 'ਬਾਂਕੇ ਦਿਆਲ' ਦਾ ਇੱਕ ਗੀਤ ਜਿਸ ਦਾ ਸਿਰਲੇਖ 'ਪਗੜੀ ਸੰਭਾਲ ਜੱਟਾ' ਸੀ, ਦੇ ਨਾਂਅ ਨਾਲ ਹੀ ਇਸ ਲਹਿਰ ਦਾ ਨਾਂਅ ਵੀ ਪੱਕ ਗਿਆ ਅਤੇ ਇਹ ਇਸ ਹੱਦ ਤੱਕ ਗੂੰਜਾ ਹੋ ਚੁੱਕਿਆ ਹੈ ਕਿ ਅਜੋਕੀ ਕਿਸਾਨੀ ਸੰਘਰਸ਼ ਦੀ ਲਹਿਰ ਵਿੱਚ ਵੀ ਇਸ ਦੀ ਗੂੰਜ ਲਗਾਤਾਰ ਸੁਣਦੀ ਰਹੀ। ਇਨਕਲਾਬੀ ਸੰਘਰਸ਼ ਦੀਆਂ ਪੈੜਾਂ ਸਿਰਜਦੇ ਅਜਿਹ

29-Oct-Sunday.qxd 10/28/2023 8:28 PM Page 5

'ਬਸਰੇ ਦੀ ਲਾਮ' ਵਿੱਚ ਖਿੱਚੇ ਜਾਣ ਤੋਂ ਭਾਰਤ ਨੂੰ ਬਚਣਾ ਚਾਹੀਦੈ

ਦੁਨੀਆ ਭਰ ਵਿੱਚ ਇਹੋ ਜਿਹੇ ਬਹੁਤ ਲੋਕ ਮਿਲ ਸਕਦੇ ਹਨ, ਜਿਹੜੇ ਕਹਿੰਦੇ ਹਨ ਕਿ ਅੱਗ ਨਾਲ ਖੇਡਣਾ ਆਖਰ ਨੂੰ ਚੰਗਾ ਸਾਬਤ ਨਹੀਂ ਹੋਇਆ ਕਰਦਾ। ਇਤਹਾਸ ਦੀ ਤ੍ਰਾਸਦੀ ਇਹ ਹੈ ਕਿ ਜਿਨ੍ਹਾਂ ਲੋਕਾਂ ਨੇ ਸੰਸਾਰ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਕਿ ਅੱਗ ਨਾਲ ਖੇਡਣਾ ਮਾੜਾ ਹੁੰਦਾ ਹੈ, ਉਹੋ ਜਿਹੇ ਕਈ ਲੋਕ ਇਹ ਗੱਲ ਕਹਿਣ ਤੋਂ ਬਾਅਦ ਜਾਂ ਕਹਿਣ ਤੋਂ ਪਹਿਲਾਂ ਖੁਦ ਅੱਗ ਨਾਲ ਖੇਡ ਕੇ ਵੇਖ ਚੁੱਕੇ ਜਾਂ ਖੇਡਣ ਦਾ ਸ਼ੌਕ ਪੂਰਾ ਕਰਨ ਚੱਲ ਪੈਂਦੇ ਰਹੇ ਸਨ। ਸਮਰਾਟ ਅਸ਼ੋਕ ਨੂੰ ਸ਼ਾਂਤੀ ਦਾ ਪੁਜਾਰੀ ਕਿਹਾ ਜਾਂਦਾ ਹੈ, ਪਰ ਕਾਲਿੰਗਾ ਦੀ ਜੰਗ ਦਾ ਇਤਹਾਸ ਪੜ੍ਹਿਆ ਜਾਵੇ ਤਾਂ ਇਹ ਸਮਝ ਪੈਂਦੀ ਹੈ ਕਿ ਜਦੋਂ ਦੂਸਰਿਆਂ, ਮਾੜਿਆਂ-ਧੀੜਿਆਂ ਤੇ ਕਮਜ਼ੋਰ ਰਿਆਸਤਾਂ ਵਾਲਿਆਂ ਨੂੰ ਕੁੱਟ ਲਿਆ ਤਾਂ ਉਨ੍ਹਾਂ ਸਭਨਾਂ ਨੂੰ ਵਿਰੋਧ ਕਰਨ ਜੋਗੇ ਨਾ ਛੱਡਣ ਮਗਰੋਂ ਉਹ ਸ਼ਾਂਤੀ ਦਾ ਪੁਜਾਰੀ ਬਣ ਗਿਆ ਸੀ। ਇਤਹਾਸ ਦਾ ਇਹ ਬਿਰਤਾਂਤ ਸਦੀਆਂ ਦੇ ਪੈਂਡੇ ਗਾਹੁਣ ਪਿੱਛੋਂ ਵੀ ਜਾਰੀ ਹੈ, ਮੋਰਚੇ ਬਦਲਦੇ ਅਤੇ ਮੋਰਚਿਆਂ ਦੇ ਸਿਪਾਹੀ ਬਦਲਦੇ ਹਨ, ਜੰਗਾਂ ਦੀ ਲੜੀ ਨਹੀਂ ਟੁੱਟਦੀ।

ਸਾਡੀ ਪੀੜ੍ਹੀ ਦੇ ਲੋਕਾਂ ਵੱਲੋਂ ਸੁਰਤ ਸੰਭਾਲਣ ਤੱਕ ਇਹ ਚਰਚਾ ਸੁਣਨ ਨੂੰ ਮਿਲਦੀ ਸੀ ਕਿ ਬਸਰੇ ਦੀ ਲਾਮ ਜਦੋਂ ਲੱਗ ਲੱਗੀ ਤਾਂ ਪਿੰਡਾਂ ਵਿੱਚੋਂ ਪੱਗ-ਬੰਨ੍ਹ ਗੱਭਰੂਆਂ ਨੂੰ ਧੱਕੋ-ਧੱਕੀ ਭਰਤੀ ਕਰ ਕੇ ਉਸ ਲਾਮ ਦੇ ਮੋਰਚੇ ਉੱਤੇ ਲੜਨ ਅਤੇ ਮਰਨ ਲਈ ਭੇਜਿਆ ਜਾਂਦਾ ਰਿਹਾ ਸੀ। ਉਨ੍ਹਾਂ ਦੇ ਜਾਣ ਵੇਲੇ ਘਰ ਮੁੜ ਕੇ ਆਉਣ ਦਾ ਯਕੀਨ ਨਹੀਂ ਸੀ ਹੁੰਦਾ ਅਤੇ ਓਦੋਂ ਜੰਗ ਵਿੱਚ ਮਰਨ ਵਾਲਿਆਂ ਦੀਆਂ ਲਾਸ਼ਾਂ ਵੀ ਅੱਜ ਵਾਂਗ ਘਰੀ ਨਹੀਂ ਸੀ ਭੇਜੀਆਂ ਜਾਂਦੀਆਂ। ਸਿਰਫ ਸੁਨੇਹਾ ਮਿਲਦਾ ਹੁੰਦਾ ਸੀ ਕਿ ਫਲਾਣਾ ਬੰਦਾ ਫਲਾਣੇ ਮੋਰਚੇ ਉੱਤੇ ਮਾਰਿਆ ਗਿਆ। ਵਾਰਸ ਦਿਲ ਕਰੜਾ ਕਰ ਕੇ ਜਰ ਲੈਂਦੇ ਹੁੰਦੇ ਸਨ। ਉਹ ਤਾਂ ਹਾਲਾਤ ਅਸੀਂ ਸਿਰਫ ਸੁਣੇ ਸਨ, ਪਾਕਿਸਤਾਨ ਨਾਲ ਪਹਿਲੀ ਜੰਗ ਦਾ ਮਾੜਾ-ਮੋਟਾ ਜਿਹਾ ਚੇਤਾ ਹੈ, ਦੂਸਰੀ ਜੰਗ ਦੌਰਾਨ ਬੰਗਲਾਦੇਸ਼ ਜਦੋਂ ਬਣਿਆ, ਓਦੋਂ ਅਸੀਂ ਪੂਰੀ ਹੋਸ਼ ਵਿੱਚ ਸਾਂ। ਜੰਗਾਂ ਵਿੱਚ ਚੱਲਦੇ ਗੋਲਿਆਂ ਦਾ ਖੜਾਕ ਚੇਤੇ ਹੈ ਤੇ ਜੰਗੀ ਕੈਦੀਆਂ ਦੀਆਂ ਗੱਡੀਆਂ ਲੰਘੀਆਂ ਦਾ ਵੀ ਚੇਤਾ ਹੈ। ਜਿਹੜੇ ਭਾਰਤੀ ਫੌਜੀ ਪਾਕਿਸਤਾਨ ਦੀ ਕੈਦ ਵਿੱਚ ਚਲੇ ਗਏ, ਉਨ੍ਹਾਂ ਦੇ ਪਰਵਾਰਾਂ ਵਿੱਚੋਂ ਕੁਝ ਨੂੰ ਮਿਲਣ ਦਾ ਸਬੱਬ ਓਦੋਂ ਵੀ ਬਣਿਆ ਸੀ ਤੇ ਉਸ ਔਰਤ ਨੂੰ ਵੀ ਕੁਝ ਸਾਲ ਪਹਿਲਾਂ ਮਿਲਿਆ ਸਾਂ, ਜਿਸ ਦਾ ਪਤੀ ਉਸ ਜੰਗ ਵਿੱਚ ਗੁੰਮ ਹੋ ਗਿਆ ਅਤੇ ਅੱਜ ਬਵੰਜਾ ਸਾਲ ਬਾਅਦ ਵੀ ਗੁੰਮਨਾਮ ਚਿੱਠੀਆਂ ਮਿਲਣ ਤੋਂ ਪਤਾ ਲੱਗਦਾ ਹੈ ਕਿ ਜਿੰਦਾ ਹੈ। ਪਾਕਿਸਤਾਨੀ ਫੌਜ ਨੇ ਓਦੋਂ ਬੇਈਮਾਨੀ ਕੀਤੀ, ਭਾਰਤ ਦੇ ਸਾਰੇ ਜੰਗੀ ਕੈਦੀ ਦੇਣ ਦੀ ਥਾਂ ਓਥੋਂ ਦੇ ਜਰਨੈਲਾਂ ਨੇ ਕੁਝ ਸਖਤ ਜੁੱਸੇ ਵਾਲਿਆਂ ਨੂੰ ਬਾਹਰੋ-ਬਾਹਰ ਆਪਣੇ ਖੇਤੀ ਫਾਰਮਾਂ ਵਿੱਚ ਪੁਚਾਇਆ ਸੀ ਤੇ ਅੱਜ ਤੱਕ ਬੰਧੂਆ ਮਜ਼ਦੂਰ ਬਣਾ ਕੇ ਉਨ੍ਹਾਂ ਤੋਂ ਕੰਮ ਕਰਾਈ ਜਾਂਦੇ ਹਨ। ਜਦੋਂ ਕੋਈ ਭਾਰਤੀ ਕੈਦੀ ਓਥੋਂ ਛੁੱਟਦਾ ਹੈ ਤਾਂ ਬਹੁਤ ਕੁਝ ਦੱਸਦਾ ਹੈ, ਪਰ ਭਾਰਤ ਸਰਕਾਰ ਦੇ ਦਖਲ ਦੇ ਬਾਵਜੂਦ ਪਾਕਿਸਤਾਨ ਸਰਕਾਰ ਇਸ ਸੱਚ ਨੂੰ ਨਹੀਂ ਮੰਨਦੀ।

ਅਸੀਂ ਉਨ੍ਹਾਂ ਲੋਕਾਂ ਵਿੱਚੋਂ ਹਾਂ, ਜਿਹੜੇ ਸਰਕਾਰਾਂ ਦੇ ਕੰਮਾਂ ਵਿੱਚ ਦਖਲ ਨਹੀਂ ਦੇ ਸਕਦੇ, ਪਰ ਇਹੋ ਜਿਹੇ ਭਾਣੇ ਨੂੰ ਜਾਂ ਤਾਂ ਭੁਗਤਦੇ ਹਨ ਜਾਂ ਭੁਗਤਣ ਤੋਂ ਬਚੇ ਰਹਿਣ ਤਾਂ ਜੰਗਾਂ ਦੀ ਗੰਭੀਰਤਾ ਜਾਣਦੇ ਅਤੇ ਇਸ ਗੱਲ ਲਈ ਆਵਾਜ਼ ਚੁੱਕਦੇ ਹਨ ਕਿ ਇਹ ਕੁਝ ਮੁੜ-ਮੁੜ ਨਹੀਂ ਹੋਣਾ ਚਾਹੀਦਾ। ਸਾਨੂੰ ਜਦੋਂ ਨੂੰ ਬਚਪਨ ਵਿੱਚ ਬਸਰੇ ਦੀ ਲਾਮ ਬਾਰੇ ਦੱਸਿਆ ਜਾਂਦਾ ਸੀ, ਓਦੋਂ ਪਹਿਲੀ ਅਤੇ ਦੂਸਰੀ ਸੰਸਾਰ ਜੰਗ ਦਾ ਪਤਾ ਨਹੀਂ ਸੀ ਤੇ ਜਦੋਂ ਜੰਗਾਂ ਦਾ ਪਤਾ ਲੱਗਾ ਤਾਂ ਬਹੁਤ ਕੁਝ ਹੋਰ ਇਹੋ ਜਿਹਾ ਸਮਝ ਦਾ ਹਿੱਸਾ ਬਣਿਆ, ਜਿਹੜਾ ਇਹ ਦੱਸਦਾ ਸੀ ਕਿ ਆਪਣੇ ਆਪ ਨੂੰ ਸੱਭਿਅਕ ਕਹਾਉਣ ਵਾਲਾ ਮਨੁੱਖ ਜਦੋਂ ਵਹਿਸ਼ੀਪੁਣੇ ਉੱਤੇ ਆ ਜਾਵੇ ਤਾਂ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਹਿਟਲਰ ਤੇ ਉਸ ਦੇ ਜੰਗਬਾਜ਼ ਸਾਥੀਆਂ ਨੇ ਜਿਹੜਾ ਵਹਿਸ਼ੀਪੁਣਾ ਕੀਤਾ ਸੀ, ਉਹ ਜਿਹੜੇ ਲੋਕਾਂ ਨੇ ਭੁਗਤਿਆ ਸੀ, ਉਹ ਸਾਰੀ ਉਮਰ ਉਸ ਦਾ ਚੇਤਾ ਕਰ ਕੇ ਕੰਬ ਜਾਂਦੇ ਰਹੇ ਸਨ, ਪਰ ਉਨ੍ਹਾਂ ਪੀੜਤਾਂ ਦੀ ਅਗਲੀ ਪੀੜ੍ਹੀ ਵੀ ਅਜੋਕੇ ਹਾਲਾਤ ਵਿੱਚ ਓਦੋਂ ਦੇ ਸਬਕ ਸਿੱਖਣ ਤੇ ਸਮਝ ਕੇ ਚੱਲਣ ਦੀ ਥਾਂ ਜਾਂ ਹਿਟਲਰ ਦੇ ਪੈਰੋਕਾਰ ਬਣਦੀ ਜਾਂ ਉਨ੍ਹਾਂ ਦੇ ਬਦਲੇ ਦੀ ਅੱਗ ਵਿੱਚ ਸੜ ਰਹੀ ਹੈ। ਇਹੋ ਕਾਰਨ ਹੈ ਕਿ ਜਿਹੜੀ ਦੁਨੀਆ ਦੋ ਸੰਸਾਰ ਜੰਗਾਂ ਦੀ ਤਬਾਹੀ ਹੋਈ ਵੇਖਣ ਮਗਰੋਂ ਅੱਗੋਂ ਵਾਸਤੇ ਅਮਨ ਲਈ ਆਸ ਕਰਨ ਲੱਗ ਪਈ ਸੀ, ਨਵੇਂ ਹਾਲਾਤ ਵਿੱਚ ਫਿਰ ਓਸੇ ਤਰ੍ਹਾਂ ਦੇ ਸੰਸਿਆਂ ਅਤੇ ਸ਼ੰਕਿਆਂ ਦੇ ਵਲਾਵੇਂ ਵਿੱਚ ਆਉਂਦੀ ਦਿੱਸ ਰਹੀ ਹੈ। ਰੂਸ ਅਤੇ ਯੂਕਰੇਨ ਦੀ ਜੰਗ ਇਸ ਦਾ ਪਹਿਲਾ ਚਿੰਗਾੜਾ ਸੀ ਤੇ ਇਸਰਾਈਲ-ਫਲਸਤੀਨ ਜੰਗ ਦੂਸਰਾ ਚਿੰਗਾੜਾ ਬਣਦੀ ਲੱਗਦੀ ਹੈ।

ਵੱਡੀਆਂ ਤਾਕਤਾਂ ਨੂੰ ਇਨ੍ਹਾਂ ਜੰਗਾਂ ਦੀ ਚਿੰਤਾ ਨਹੀਂ, ਸਿਰਫ ਚਿੰਤਾ ਦਾ ਵਿਖਾਵਾ ਕਰਦੀਆਂ ਹਨ, ਅਸਲ ਵਿੱਚ ਉਨ੍ਹਾਂ ਲਈ ਇਹ ਜੰਗਾਂ ਵੀ ਮੁਨਾਫੇ ਦਾ ਸੌਦਾ ਹਨ। ਜਿਹੜੀ ਧਿਰ ਦੀ ਮਦਦ ਕਰਨੀ ਹੈ, ਉਸ ਨੂੰ ਕੁਝ ਹਥਿਆਰ ਵੇਚ ਕੇ ਸੰਸਾਰ ਦੇ ਬਾਕੀ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਦੇਸ਼ਾਂ ਅੱਗੇ ਉਨ੍ਹਾਂ ਹਥਿਆਰਾਂ ਨੂੰ ਚੱਲਦੇ ਵਿਖਾ ਕੇ ਪ੍ਰਦਰਸ਼ਨੀ ਕਰਨੀ ਹੈ, ਤਾਂ ਕਿ ਉਨ੍ਹਾਂ ਦਾ ਮਾਰੂ-ਪੁਣਾ ਸਮਝਣ ਦੇ ਬਾਅਦ ਉਹ ਦੇਸ਼ ਇਸ ਮਾਲ ਨੂੰ ਖਰੀਦਣ ਲਈ ਆਪਣੇ ਲੋਕਾਂ ਦੀ ਕਮਾਈ ਦੀ ਛੱਲੀ-ਪੂਣੀ ਦਾਅ ਉੱਤੇ ਲਾਈ ਜਾਣ। ਯੂਕਰੇਨੀ ਲੋਕ ਮੌਤ ਦੇ ਮੂੰਹ ਆਏ ਤਾਂ ਇਨ੍ਹਾਂ ਤਾਕਤਾਂ ਨੇ ਹਥਿਆਰਾਂ ਦੀ ਪ੍ਰਦਰਸ਼ਨੀ ਦਾ ਚੋਖਾ ਕੰਮ ਕਰ ਲਿਆ, ਰਹਿੰਦਾ ਕੰਮ ਇਸਰਾਈਲ ਦੀ ਜੰਗ ਵਿੱਚ ਚੱਲਦੇ ਹਥਿਆਰਾਂ ਦੀਆਂ ਸੀਡੀਜ਼ ਵਿਖਾ ਕੇ ਹੋ ਜਾਣਾ ਹੈ। ਪ੍ਰਚਾਰਿਆ ਇਹ ਜਾਂਦਾ ਹੈ ਕਿ ਆਰਾਮ ਨਾਲ ਵੱਸਦੇ ਇਸਰਾਈਲ ਉੱਤੇ ਹਮਾਸ ਵਾਲਿਆਂ ਨੇ ਐਵੇਂ ਹਮਲਾ ਕਰ ਦਿੱਤਾ ਤੇ ਇਸਰਾਈਲ ਆਪਣੇ ਬਚਾਅ ਦੀ ਲੜਾਈ ਲੜ ਰਿਹਾ ਹੈ, ਪਰ ਜਿਹੜੇ ਅਰਬ ਦੇਸ਼ਾਂ ਨਾਲ ਦੁਨੀਆ ਦੀ ਇਕਲੌਤੀ ਮਹਾਂਸ਼ਕਤੀ ਅਖਵਾਉਂਦੇ ਅਮਰੀਕਾ ਦਾ ਬਾਹਲਾ ਨੇੜ ਹੋ ਚੁੱਕਾ ਸੀ, ਉਹ ਝਾਂਸੇ ਵਿੱਚ ਨਹੀਂ ਆਏ। ਉਨ੍ਹਾਂ ਵਿੱਚੋਂ ਕੁਝ ਦੇਸ਼ ਖੁੱਲ੍ਹੇ ਰੂਪ ਵਿੱਚ ਅਤੇ ਕੁਝ ਚੁੱਪ ਰਹਿ ਕੇ ਵੀ ਉਸ ਧਿਰ ਦੀ ਮਦਦ ਕਰਦੇ ਹਨ, ਜਿਹੜੀ ਇਸ ਵਕਤ ਮਾਰ ਹੇਠ ਹੈ। ਸੰਸਾਰ ਦੀ ਪੰਚਾਇਤ ਦਾ ਰੂਪ ਸਮਝੀ ਜਾਂਦੀ ਯੂ ਐੱਨ ਓ ਦੇ ਸੈਕਟਰੀ ਜਨਰਲ ਨੇ ਇਸਰਾਈਲ ਵੱਲੋਂ ਤਾਕਤ ਦੀ ਬੇਲਗਾਮ ਵਰਤੋਂ ਦੀ ਨਿੰਦਾ ਕੀਤੀ ਤਾਂ ਇਸ ਨੂੰ ਵੀ ਇਸਰਾਈਲ ਦੇ ਜੰਗਬਾਜ਼ਾਂ ਨੇ ਆਪਣੇ ਖਿਲਾਫ 'ਹਮਲਾਵਰ ਧਿਰ' ਦੀ ਮਦਦ ਕਰਨਾ ਮੰਨ ਕੇ ਸੰਸਾਰ ਦੀ ਇਸ ਸਰਬ-ਸਾਂਝੀ ਜਥੇਬੰਦੀ ਦੇ ਅਹੁਦੇਦਾਰਾਂ ਅਤੇ ਕਰਮਚਾਰੀਆਂ ਲਈ ਵੀਜ਼ੇ ਦੇਣੇ ਬੰਦ ਕਰ ਦਿੱਤੇ ਹਨ। ਪਿੰਡਾਂ ਵਿੱਚ ਇਸ ਤਰ੍ਹਾਂ ਦੀ ਹਰਕਤ ਨੂੰ 'ਵਿਉਂ' ਵਿੱਚ ਆਉਣਾ ਅਤੇ ਸਮੁੱਚੇ ਪਿੰਡ ਨੂੰ 'ਟਿੱਚ ਜਾਣਨਾ' ਕਹਿੰਦੇ ਹਨ। ਏਦਾਂ ਦਾ ਕੰਮ ਕਰਨ ਵਾਲੇ ਬੰਦੇ ਦੀ ਪਿੱਠ ਉੱਤੇ ਕਿਸੇ ਵੱਡੀ ਧਿਰ ਦੀ ਸ਼ਹਿ ਹੁੰਦੀ ਹੈ। ਇਸਰਾਈਲ ਕਿਹੜੀ ਖਾਸ ਧਿਰ ਦੀ ਸ਼ਹਿ ਉੱਤੇ ਏਡੀ ਹਮਲਾਵਰੀ ਕਰਦਾ ਹੈ ਜਾਂ ਕਿਸ ਦੀ ਸ਼ਹਿ ਉੱਤੇ ਸੰਸਾਰ ਦੀ ਪੰਚਾਇਤ ਨੂੰ ਅੱਖਾਂ ਵਿਖਾਉਂਦਾ ਹੈ, ਸਾਰੀ ਦੁਨੀਆ ਜਾਣਦੀ ਹੈ।

ਅਕਤੂਬਰ ਦਾ ਆਖਰੀ ਹਫਤਾ ਤਾਂ ਇੱਕ ਹੋਰ ਪੜਾਅ ਪਾਰ ਕਰਨ ਵਾਲਾ ਸਾਬਤ ਹੋਇਆ ਹੈ। ਅਮਰੀਕਾ ਨੇ ਇਸ ਹਫਤੇ ਦੌਰਾਨ ਅਚਾਨਕ ਸੀਰੀਆ ਉੱਤੇ ਵੀ ਹਵਾਈ ਹਮਲਾ ਜਾ ਕੀਤਾ ਹੈ। ਇਸ ਤਰ੍ਹਾਂ ਇੱਕ ਪਾਸੇ ਉਸ ਦੇ ਇਸ਼ਾਰੇ ਉੱਤੇ ਯੂਕਰੇਨ ਦੀ ਸਰਕਾਰ ਗਵਾਂਢ ਵਿਚਲੀ ਸੰਸਾਰ ਪੱਧਰੀ ਤਾਕਤ ਰੂਸ ਨਾਲ ਆਢਾ ਲਾਈ ਬੈਠੀ ਹੈ, ਦੂਜੇ ਪਾਸੇ ਇਸਰਾਈਲ ਨੂੰ ਇਹ ਥਾਪੜਾ ਦੇ ਰੱਖਿਆ ਹੈ ਕਿ ਫਲਸਤੀਨੀਆ ਦੇ ਖਿਲਾਫ ਜੋ ਮਰਜ਼ੀ ਕਰੀ ਜਾਵੇ, ਸੰਸਾਰ ਦੀ ਪੰਚਾਇਤ ਜਦੋਂ ਕਦੀ ਕੋਈ ਮਤਾ ਉਸ ਦੇ ਖਿਲਾਫ ਪਾਸ ਕਰਨ ਲੱਗੇਗੀ, ਭਾਵੇਂ ਅਮਨ ਦੀ ਅਪੀਲ ਹੀ ਹੋਵੇ, ਅਮਰੀਕਾ ਉਸ ਨੂੰ ਪਾਸ ਕਰਨ ਤੋਂ ਰੋਕਣ ਲਈ ਵੀਟੋ ਤਾਕਤ ਵਰਤੋਂ ਕਰੇਗਾ। ਰਹੀ ਕਸਰ ਅਮਰੀਕਾ ਵੱਲੋਂ ਇੱਕ ਹੋਰ ਜੰਗ, ਸੀਰੀਆ ਉੱਤੇ ਹਵਾਈ ਹਮਲੇ ਵਾਲੀ ਜੰਗ, ਵੀ ਪੂਰੀ ਕਰ ਸਕਦੀ ਹੈ ਅਤੇ ਲੱਗਦਾ ਹੈ ਕਿ ਇਹ ਚੋਖੀ ਅੱਗੇ ਵਧ ਸਕਦੀ ਹੈ। ਜੇ ਇਹ ਵਧਦੀ ਗਈ ਤਾਂ ਸੰਸਾਰ ਦੇ ਅਮਨ ਲਈ ਪਹਿਲੀਆਂ ਚੱਲ ਰਹੀਆਂ ਦੋ ਜੰਗਾਂ ਤੋਂ ਵੀ ਵੱਧ ਖਤਰਨਾਕ ਹੋ ਸਕਦੀ ਹੈ। ਅਮਰੀਕਾ ਪਹਿਲਾਂ ਵੀ ਜਦੋਂ ਕਿਸੇ ਜੰਗ ਵਿੱਚ ਕੁੱਦ ਪਵੇ, ਉਹ ਵੀਅਤਨਾਮ ਉੱਤੇ ਕਬਜ਼ੇ ਦੀ ਜੰਗ ਹੋਵੇ ਜਾਂ ਇਰਾਕ ਉੱਤੇ ਕਬਜ਼ੇ ਵਾਲੀ ਤੇ ਜਾਂ ਫਿਰ ਅਫਗਾਨਿਸਤਾਨ ਵਿੱਚ ਜਾ ਵੜਨ ਵਾਲੀ, ਜਿੱਤ ਉਹ ਭਾਵੇਂ ਕਦੇ ਨਹੀਂ ਸਕਿਆ, ਹਰ ਵਾਰੀ ਕੁੱਟ ਖਾਣ ਪਿੱਛੋਂ ਵਾਪਸ ਆਉਣ ਦਾ ਰਾਹ ਲੱਭਦਾ ਰਿਹਾ ਹੈ, ਪਰ ਉਹ ਜੰਗ ਕਦੇ ਕਦੀ ਛੇਤੀ ਨਹੀਂ ਸਮੇਟੀ ਗਈ, ਲਮਕਵੀਂ ਜੰਗ ਹੁੰਦੀ ਹੈ। ਇਸ ਵਾਰੀ ਉਹ ਜਦੋਂ ਸੀਰੀਆ ਵੱਲ ਗਿਆ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਮੋਰਚਾ ਇਹ ਵੀ ਲੰਮਾ ਹੋ ਸਕਦਾ ਹੈ।

ਇਹ ਵਕਤ ਭਾਰਤ ਅਤੇ ਉਸ ਵਰਗੇ ਹੋਰ ਦੇਸ਼ਾਂ ਲਈ ਬੜਾ ਸੰਭਲ ਕੇ ਚੱਲਣ ਦਾ ਹੈ। ਪਿਛਲੇ ਸਮੇਂ ਵਿੱਚ ਭਾਰਤ ਸਰਕਾਰ ਨੇ ਮੌਜੂਦਾ ਹਕੂਮਤ ਹੇਠ ਹੋਰ ਕਈ ਗੱਲਾਂ ਦੇ ਨਾਲ ਅਮਰੀਕਾ ਦੀ ਨੜਤਾ ਫੌਜੀ ਖੇਤਰ ਵਿੱਚ ਵੀ ਬਹੁਤ ਵਧਾਈ ਹੈ। ਇੱਕ-ਦੂਸਰੇ ਦੇ ਹਵਾਈ ਅੱਡੇ ਵਰਤਣ ਤੱਕ ਦੀ ਸਹਿਮਤੀ ਦੀਆਂ ਗੱਲਾਂ ਸੁਣੀਆਂ ਗਈਆਂ ਹਨ। ਅਮਰੀਕਾ ਜਦੋਂ ਕਦੀ ਏਸ਼ੀਆ ਵਿੱਚ ਕਿਸੇ ਥਾਂ ਰੱਫੜ ਪਾਉਣ ਲਈ ਆਵੇਗਾ, ਉਸ ਨੂੰ ਭਾਰਤ ਦੀ ਲੋੜ ਪੈ ਸਕਦੀ ਹੈ, ਭਾਰਤ ਨੂੰ ਕਦੇ ਵੀ ਉਸ ਦੇ ਗਵਾਂਢ ਵਿੱਚ ਜਾ ਕੇ ਕਿਸੇ ਨਾਲ ਲੜਨ ਦੀ ਲੋੜ ਨਹੀਂ ਪੈਣ ਲੱਗੀ ਅਤੇ ਅਮਰੀਕੀ ਸਾਂਝ ਵੀ ਇਹੋ ਜਿਹੇ ਸਮੇਂ ਕੰਮ ਨਹੀਂ ਆ ਸਕਦੀ। ਜਦੋਂ ਇਹੋ ਜਿਹਾ ਸਮਾਂ ਕਦੇ ਨਹੀਂ ਆਉਣਾ ਤਾਂ ਇਹ ਸਾਂਝ ਬੇਲੋੜੀ ਹੈ। ਆਜ਼ਾਦੀ ਮਿਲਣ ਤੋਂ ਬਾਅਦ ਲੰਮਾ ਸਮਾਂ ਭਾਰਤ ਸਾਰੀ ਦੁਨੀਆ ਵਿੱਚ ਇੱਕ ਜਾਂ ਦੂਸਰੀ ਵੱਡੀ ਤਾਕਤ ਦਾ ਪਿਛਲੱਗ ਬਣਨ ਦੀ ਥਾਂ ਗੁੱਟ-ਨਿਰਪੱਖ ਦੇਸ਼ਾਂ ਦੇ ਗਰੁੱਪ ਦੇ ਮੋਹਰੀ ਵਜੋਂ ਪਛਾਣਿਆ ਜਾਂਦਾ ਰਿਹਾ ਸੀ। ਇਸ ਵਕਤ ਉਸ ਦੀ ਇਹ ਦਿੱਖ ਨਹੀਂ ਰਹੀ, ਦੁਨੀਆ ਦੇ ਬਹੁਤ ਸਾਰੇ ਦੇਸ਼ ਅੱਜ ਓਸੇ ਭਾਰਤ ਨੂੰ ਅਮਰੀਕਾ ਦੀ ਚੁੱਪ ਹਮਾਇਤ ਵਾਲਾ ਸਮਝਦੇ ਜਾਪਦੇ ਹਨ। ਇਸਰਾਈਲ-ਫਲਸਤੀਨ ਵਾਲੇ ਮੋਰਚੇ ਬਾਰੇ ਭਾਰਤ ਸਰਕਾਰ ਦਾ ਸਟੈਂਡ ਗੁੱਟ-ਨਿਰਪੱਖਤਾ ਵਾਲਾ ਨਹੀਂ ਦਿੱਸਦਾ, ਸਗੋਂ ਇਸਰਾਈਲ-ਅਮਰੀਕਾ ਧਿਰ ਵੱਲ ਨੂੰ ਝੁਕਿਆ ਦਿਖਾਈ ਦੇਂਦਾ ਹੈ। ਇਹ ਨਹੀਂ ਸੀ ਹੋਣਾ ਚਾਹੀਦਾ, ਪਰ ਲੋਕ ਸਮਝਦੇ ਹਨ ਕਿ ਇਹ ਹੋ ਰਿਹਾ ਹੈ। ਕੱਲ੍ਹ ਨੂੰ ਇਸ ਸਟੈਂਡ ਦੇ ਕਾਰਨ ਭਾਰਤ ਨਾ ਚਾਹੁੰਦੇ ਹੋਏ ਵੀ ਜੰਗ ਵਿੱਚ ਧੁਹਿਆ ਗਿਆ ਤਾਂ ਭਾਰਤ ਦੇ ਲੋਕ ਦੁਖੀ ਹੋਣਗੇ।

ਸੰਸਾਰ ਇਤਹਾਸ ਦੇ ਸਿਆਣੇ ਬੰਦਿਆਂ ਬਾਰੇ ਅਸੀਂ ਪਹਿਲਾਂ ਕਹਿ ਚੁੱਕੇ ਹਾਂ ਕਿ ਉਹ ਕਹਿੰਦੇ ਸਨ ਕਿ ਅੱਗ ਨਾਲ ਖੇਡਣਾ ਚੰਗਾ ਨਹੀਂ ਹੋਇਆ ਕਰਦਾ। ਸਮਾਂ ਪਾ ਕੇ ਉਹ ਹੀ ਸਿਆਣੇ ਬੰਦੇ ਅੱਗ ਨਾਲ ਖੇਡ ਵੀ ਲੈਂਦੇ ਸਨ। ਭਾਰਤ ਅੱਜ ਦੇ ਹਾਲਾਤ ਵਿੱਚ ਇਹੋ ਜਿਹੇ ਕਿਸੇ ਸ਼ੌਕ ਤੋਂ ਬਚਿਆ ਰਹੇ ਤਾਂ ਚੰਗਾ ਹੈ। ਸਮਾਜ ਵਿੱਚ ਕੁਝ ਲੋਕਾਂ ਬਾਰੇ ਇਹ ਸੁਣੀਂਦਾ ਹੈ ਕਿ ਉਨ੍ਹਾਂ ਦਾ ਨੇੜ ਵੀ ਮਾੜਾ ਤੇ ਉਨ੍ਹਾਂ ਨਾਲ ਵਿਗਾੜ ਵੀ ਮਾੜਾ ਹੈ। ਇਹੋ ਗੱਲ ਦੁਨੀਆ ਦੇ ਕੁਝ ਵੱਡ-ਤਾਕਤੀ ਵਹਿਮ ਵਾਲੇ ਦੇਸ਼ਾਂ ਬਾਰੇ ਠੀਕ ਮੰਨੀ ਜਾ ਸਕਦੀ ਹੈ। ਏਦਾਂ ਦੇ ਲੋਕਾਂ ਦਾ ਚਿਹਰਾ ਅਮਰੀਕਾ ਨੂੰ ਮੰਨਿਆ ਜਾ ਸਕਦਾ ਹੈ। ਭਾਰਤ ਨੂੰ ਏਦਾਂ ਦੇ ਦੇਸ਼ਾਂ ਨਾਲ ਦੂਰੀ ਨਹੀਂ ਰੱਖਣੀ ਚਾਹੀਦੀ, ਪਰ ਚੇਤੇ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਦਾ ਨੇੜ ਵੀ ਚੰਗਾ ਨਹੀਂ।

ਰਾਵਣ ਦੇ ਵਡੇਰੇ ਪੁਤਲੇ ਤੇ ਫਜ਼ੂਲ ਖਰਚੀਲਾ ਦੁਸਹਿਰਾ

ਅਸੀਂ ਬਚਪਨ ਤੋਂ ਹੀ ਸੁਣਦੇ ਆ ਰਹੇ ਸੀ ਕਿ ਕਾਂਗਰਸੀ ਘਾਹ ਜਾਂ ਬੂਟੀ ਬੜੀ ਨਾਮੁਰਾਦ ਹੈ। ਇਹ ਖ਼ਤਮ ਨਹੀਂ ਹੋ ਰਹੀ। ਇਸ ਨੂੰ ਖ਼ਤਮ ਕਰਨਾ ਅਤਿ ਜ਼ਰੂਰੀ ਹੈ। ਲੋਕਾਂ ਇਸ ਦਾ ਤਰੱਈਆ ਹੀ ਕਰ ਲਿਆ। ਹੌਲੀ-ਹੌਲੀ ਖ਼ਤਮ ਹੁੰਦੀ ਹੁੰਦੀ ਅਖੀਰ ਅੰਨਦਾਤਾ ਕਿਸਾਨ ਨੇ ਇਸ 'ਤੇ ਜਿੱਤ ਪ੍ਰਾਪਤ ਕੀਤੀ। ਇਸੇ ਤਰ੍ਹਾਂ ਹੀ ਬਚਪਨ ਵਿੱਚ ਮਾਤਾ (ਚੇਚਕ ਦੀ ਬਿਮਾਰੀ) ਨਿਕਲਣ ਦੀ ਬਿਮਾਰੀ ਆਮ ਬੱਚਿਆਂ ਨੂੰ ਹੋ ਜਾਂਦੀ ਸੀ। ਇਸ 'ਤੇ ਉਸ ਵੇਲੇ ਦੀ ਸਰਕਾਰ ਨੇ ਲੱਕ ਬੰਨ੍ਹ ਇਸ ਨੂੰ ਖ਼ਤਮ ਕਰਨ ਦੀ ਧਾਰੀ। ਸਰਕਾਰ ਛੋਟੇ ਹੁੰਦਿਆਂ 'ਤੇ ਹੀ ਟੀਕੇ, ਜਿਸ ਨੂੰ ਉਸ ਵੇਲੇ ਲੋਦੇ ਵ

29-Oct-Sunday.qxd 10/28/2023 8:29 PM Page 4

ਕੁਝ ਜ਼ਿਕਰਯੋਗ ਕਿਤਾਬਾਂ

ਗਦਰੀ ਗੁਲਾਬ ਕੌਰ ਅਤੇ ਹੋਰ ਕਾਵਿ ਨਾਟਕ

ਮਾਸਟਰ ਦੇਸ ਰਾਜ ਛਾਜਲੀ
ਪੰਨੇ : 68, ਮੁੱਲ : 100 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਗ਼ਦਰੀ ਗੁਲਾਬ ਕੌਰ ਅਤੇ ਹੋਰ ਕਾਵਿ-ਨਾਟਕ ਮਾਸਟਰ ਦੇਸ ਰਾਜ ਛਾਜਲੀ ਦੀ ਪੰਜਵੀਂ ਸਾਹਿਤਕ ਕ੍ਰਿਤ ਹੈ। ਇਸ ਤੋਂ ਪਹਿਲਾਂ ਉਹ 'ਗਾਥਾ ਕਿਸ਼ਨਗੜ੍ਹ', 'ਕਾਮਰੇਡ ਤਾਰਾ ਸਿੰਘ ਜਵਾਹਰ ਵਾਲਾ', 'ਮੁਜ਼ਾਰਾ ਲਹਿਰ ਦਾ ਸ਼ੇਰ-ਬੰਤ ਰਾਮ ਅਲੀਸ਼ੇਰ' ਅਤੇ 'ਜੰਗਨਾਮਾ-ਭਾਰਤ ਅਤੇ ਦਿੱਲੀ' ਪੁਸਤਕਾਂ ਪਾਠਕਾਂ ਦੇ ਸਨਮੁੱਖ ਕਰ ਚੁੱਕਿਆ ਹੈ। ਮਾਸਟਰ ਦੇਸ ਰਾਜ ਛਾਜਲੀ ਇੱਕ ਲੋਕਪੱਖੀ ਸਮਾਜਕ ਕਾਰਕੁੰਨ ਹੈ, ਜਿਸ ਨੇ ਸੰਗਰੂਰ ਜ਼ਿਲ੍ਹੇ ਦੇ ਪੱਛੜੇ ਇਲਾਕੇ ਦੇ ਸਰਕਾਰੀ ਸਕੂਲਾਂ ਵਿੱਚ ਸੇਵਾ ਨਿਭਾਉਂਦਿਆਂ ਹਜ਼ਾਰਾਂ ਬੱਚਿਆਂ ਨੂੰ ਨਾ ਕੇਵਲ ਵਿੱਦਿਆ ਦਾ ਦਾਨ ਹੀ ਵੰਡਿਆ, ਬਲਕਿ ਉਹਨਾ ਨੂੰ ਸਮਾਜਕ ਤੇ ਵਿਗਿਆਨਕ ਚੇਤਨਾ ਦੇ ਨਾਲ-ਨਾਲ ਸੱਭਿਆਚਾਰਕ ਰੁਚੀਆਂ ਦਾ ਜਾਗ ਵੀ ਲਾਇਆ।

ਮਾਸਟਰ ਦੇਸ ਰਾਜ ਦੇ ਸਿਰਜਣਾਤਮਕ ਕਾਰਜਾਂ ਦਾ ਖੇਤਰ ਲੋਕਪੱਖੀ ਸਰੋਕਾਰ ਹਨ। ਉਹਨਾ ਆਪਣੀਆਂ ਲਿਖਤਾਂ ਰਾਹੀਂ ਪੰਜਾਬ ਦੇ ਜੁਝਾਰੂ ਇਤਿਹਾਸਕ ਵਿਰਸੇ ਦੇ ਅਣਗੌਲੇ ਪਰ ਅਹਿਮ ਪੰਨਿਆਂ ਨੂੰ ਲੋਕ ਪੱਖੀ ਨਜ਼ਰੀਏ ਤੋਂ ਪਾਠਕਾਂ ਦੇ ਸਾਹਮਣੇ ਪੇਸ਼ ਕਰਨ ਦਾ ਫਰਜ਼ ਅਦਾ ਕੀਤਾ ਹੈ। ਉਪਰੋਕਤ ਵਰਨਣ ਇਤਿਹਾਸਕ ਰਚਨਾਤਮਕ ਕਾਰਜਾਂ ਰਾਹੀਂ ਮਾਸਟਰ ਦੇਸ ਰਾਜ ਛਾਜਲੀ ਨੇ ਹੱਕ-ਸੱਚ ਦੇ ਸੰਘਰਸ਼ ਦੀ ਜਿੱਤ ਅਤੇ ਲੁਟੇਰੀਆਂ ਜਮਾਤਾਂ ਦੀ ਹਾਰ ਨੂੰ ਭਾਵਪੂਰਤ ਅਤੇ ਕਲਾਤਮਕ ਢੰਗ ਨਾਲ ਕਲਮਬੰਦ ਕਰਕੇ ਮੌਜੂਦਾ ਸੰਦਰਭ ਵਿੱਚ ਇਸ ਦੀ ਸਾਰਥਕਤਾ ਨੂੰ ਬਿਆਨ ਕਰਨ ਦੀ ਜ਼ਿੰਮੇਵਾਰੀ ਨਿਭਾਈ ਹੈ।

ਹਥਲੀ ਪੁਸਤਕ 'ਗ਼ਦਰੀ ਗੁਲਾਬ ਕੌਰ ਤੇ ਹੋਰ ਕਾਵਿ-ਨਾਟਕ' ਵਿੱਚ ਲੇਖਕ ਦੇ ਚਾਰ ਕਾਵਿ-ਨਾਟ ਬੀਬੀ ਗੁਲਾਬ ਕੌਰ, ਸ਼ਹੀਦ ਊਧਮ ਸਿੰਘ, ਅਲੀਸ਼ੇਰ ਦਾ ਸ਼ੇਰ ਬੰਤ ਰਾਮ ਅਲੀਸ਼ੇਰ ਅਤੇ ਲਾਲ ਫਰੇਰਾ ਸ਼ਾਮਲ ਹਨ। ਪਹਿਲੇ ਕਾਵਿ-ਨਾਟ ਗ਼ਦਰੀ ਗੁਲਾਬ ਕੌਰ ਵਿੱਚ ਲੇਖਕ ਨੇ ਬੀਬੀ ਗੁਲਾਬ ਕੌਰ ਜੀ ਦੇ ਜੀਵਨ ਤੇ ਉਸ ਵੱਲੋਂ ਗ਼ਦਰੀ ਲਹਿਰ ਵਿੱਚ ਨਿਭਾਈ ਮਹੱਤਵਪੂਰਨ ਭੂਮਿਕਾ ਨੂੰ ਅੰਕਤ ਕੀਤਾ ਹੈ। ਦੂਜੇ ਕਾਵਿ-ਨਾਟ ਸ਼ਹੀਦ ਊਧਮ ਸਿੰਘ ਵਿੱਚ ਉਸ ਵੱਲੋਂ ਜ਼ਲ੍ਹਿਆਂਵਾਲੇ ਬਾਗ ਦੇ ਖਲਨਾਇਕ ਜਨਰਲ ਓਡਵਾਇਰ ਤੋਂ ਬਦਲਾ ਲਏ ਜਾਣ ਦੀ ਗਾਥਾ ਪੇਸ਼ ਕੀਤੀ ਹੈ। ਕਾਵਿ-ਨਾਟ ਅਲੀਸ਼ੇਰ ਦਾ ਸ਼ੇਰ-ਕਾਮਰੇਡ ਬੰਤ ਰਾਮ ਅਲੀਸ਼ੇਰ ਵਿੱਚ ਮੁਜ਼ਾਰਾ ਲਹਿਰ ਦੇ ਇਸ ਅਹਿਮ ਕਾਰਕੁੰਨ ਵੱਲੋਂ ਮੁਜ਼ਾਰਾ ਲਹਿਰ ਵਿੱਚ ਪਾਏ ਯੋਗਦਾਨ ਨੂੰ ਬਿਆਨ ਕੀਤਾ ਗਿਆ ਹੈ। ਪੁਸਤਕ ਦਾ ਆਖਰੀ ਕਾਵਿ ਨਾਟ ਲਾਲ ਫਰੇਰਾ ਕੌਮਾਂਤਰੀ ਮਜ਼ਦੂਰ ਦਿਵਸ ਨੂੰ ਸਮਰਪਿਤ ਹੈ। ਇਸ ਕਾਵਿ ਨਾਟ ਵਿੱਚ 1886 ਵਿੱਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਮਜ਼ਦੂਰਾਂ 'ਤੇ ਹੋਏ ਜਬਰ- ਜ਼ੁਲਮ ਨੂੰ ਬਿਆਨ ਕਰਨ ਦੇ ਨਾਲ-ਨਾਲ ਇਸ ਘਟਨਾ ਦੇ ਸਿੱਟੇ ਵਜੋਂ ਪਏ ਕੌਮਾਂਤਰੀ ਪ੍ਰਭਾਵ ਕਾਰਨ ਸ਼ੁਰੂ ਹੋਏ ਕੌਮਾਂਤਰੀ ਮਜ਼ਦੂਰ ਦਿਵਸ ਦੀ ਅਹਿਮੀਅਤ ਨੂੰ ਦਰਸਾਇਆ ਗਿਆ ਹੈ।

ਇਹ ਚਾਰੇ ਕਾਵਿ-ਨਾਟ ਜਿੱਥੇ ਵਿਸ਼ਾ-ਵਸਤੂ ਪੱਖ ਤੋਂ ਲੋਕਪੱਖੀ ਵਿਸ਼ੇਸ਼ ਅਹਿਮੀਅਤ ਵਾਲੇ ਹਨ, ਉੱਥੇ ਕਾਵਿ ਨਾਟਕੀ ਮੁੱਲਾਂ ਨਾਲ ਵੀ ਓਤਪੋਤ ਹਨ। ਸਾਰੇ ਕਾਵਿ ਨਾਟਕਾਂ ਦੀ ਭਾਸ਼ਾ ਲੋਕ ਸੱਭਿਆਚਾਰ ਅਤੇ ਲੋਕ ਮਨਾਂ ਦੇ ਅਨੁਕੂਲ ਹੈ। ਲੇਖਕ ਨੇ ਸਾਰੇ ਕਾਵਿ-ਨਾਟਕਾਂ ਨੂੰ ਬੇਹੱਦ ਸੰਜੀਦਗੀ ਅਤੇ ਕਾਵਿ-ਗੁਣਾਂ ਨਾਲ ਪਰੋਇਆ ਹੈ। ਲੋਕ ਛੰਦ ਅਤੇ ਲੋਕ ਗੀਤਾਂ ਦੀ ਵਰਤੋਂ ਕਾਰਨ ਇਹਨਾਂ ਕਾਵਿ-ਨਾਟਕਾਂ ਵਿੱਚ ਲੋਕ ਦਿਲਾਂ ਦੀ ਧੜਕਣ ਸੁਣਾਈ ਦਿੰਦੀ ਹੈ। ਅਜਿਹੇ ਇਤਿਹਾਸਕ ਪ੍ਰਸੰਗਾਂ ਨੂੰ ਇੰਨੇ ਸੰਖੇਪ ਰੂਪ ਅਤੇ ਆਮ ਲੋਕ ਭਾਸ਼ਾ ਵਿੱਚ ਕਾਵਿ-ਨਾਟਾਂ ਰਾਹੀਂ ਪੇਸ਼ ਕਰਨਾ ਸੌਖਾ ਨਹੀਂ ਹੁੰਦਾ, ਪਰ ਮਾਸਟਰ ਦੇਸ ਰਾਜ ਨੇ ਇਹ ਕਰ ਦਿਖਾਇਆ ਹੈ।

-ਪੁਸਤਕ 'ਚੋਂ

ਗ਼ਦਰੀ ਵੀਰਾਂਗਣਾ ਬੀਬੀ ਗੁਲਾਬ ਕੌਰ

ਚੁਰੰਜੀ ਲਾਲ ਕੰਗਣੀਵਾਲ
ਪੰਨੇ : 96, ਮੁੱਲ : 200 ਰੁਪਏ
ਦੇਸ਼ ਭਗਤ ਪ੍ਰਕਾਸ਼ਨ, ਜਲੰਧਰ

1914 ਵਿੱਚ ਗ਼ਦਰ ਪਾਰਟੀ ਦੇ ਸੱਦੇ 'ਤੇ ਬੀਬੀ ਜੀ ਮਨੀਲਾ ਦੀ ਗ਼ਦਰ ਪਾਰਟੀ ਦੇ ਭਾਈ ਜੀਵਨ ਸਿੰਘ ਦੌਲੇ ਸਿੰਘ ਵਾਲਾ, ਭਾਈ ਹਾਫਿਜ਼ ਅਬਦੁੱਲਾ, ਭਾਈ ਰਹਿਮਤ ਅਲੀ ਵਜੀਦਕੇ, ਭਾਈ ਬਖਸ਼ੀਸ਼ ਸਿੰਘ ਖਾਨਪੁਰ, ਭਾਈ ਲਾਲ ਸਿੰਘ ਸਾਹਿਬਾਣਾ, ਭਾਈ ਜਗਤ ਸਿੰਘ, ਧਿਆਨ ਸਿੰਘ ਉਮਰਪੁਰਾ, ਧਿਆਨ ਸਿੰਘ ਬੰਗਸੀਪੁਰਾ, ਚੰਦਾ ਸਿੰਘ ਵੜੈਚ ਤੇ ਅਮਰੀਕਾ, ਕੈਨੇਡਾ ਦੇ ਜੱਥਿਆਂ ਦੇ ਹੋਰ ਗਦਰੀਆਂ ਨਾਲ ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਲੜਨ ਲਈ ਹਿੰਦੁਸਤਾਨ ਪੁੱਜੀ। ਦੇਸ਼ ਪਰਤੀ ਬੀਬੀ ਗੁਲਾਬ ਕੌਰ ਹੋਰ ਗ਼ਦਰੀਆਂ ਨਾਲ ਮਿਲ ਕੇ ਕਪੂਰਥਲਾ, ਹੁਸ਼ਿਆਰਪੁਰ ਤੇ ਜਲੰਧਰ ਵਿੱਚ ਸਰਗਰਮ ਰਹੀ ਅਤੇ ਆਮ ਲੋਕਾਂ ਨੂੰ ਗ਼ਦਰ ਪਾਰਟੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਤ ਤੇ ਉਤਸ਼ਾਹਤ ਕਰਦੀ ਰਹੀ। ਨਾਲ ਹੀ ਅੰਮ੍ਰਿਤਸਰ, ਲਾਹੌਰ ਦੇ ਗ਼ਦਰੀ ਹੈੱਡ ਕੁਆਰਟਰਾਂ ਵਿੱਚ ਕੰਮ ਕਰਨ ਤੋਂ ਬਾਅਦ ਉਸ ਦੇ ਜੇਲ੍ਹ ਕੱਟਣ ਮਗਰੋਂ ਆਪਣਾ ਅੰਤਮ ਸਮਾਂ ਕੋਟਲਾ ਨੌਧ ਸਿੰਘ ਵਿੱਚ ਗੁਜ਼ਾਰਿਆ। ਬੀਬੀ ਗੁਲਾਬ ਕੌਰ ਦੇ ਮਿਸਾਲੀ ਯੋਗਦਾਨ ਬਾਰੇ ਕੁਝ ਪੁਸਤਕਾਂ ਜ਼ਰੂਰ ਲਿਖੀਆਂ ਗਈਆਂ ਹਨ, ਪਰ ਉਹਨਾਂ ਦੇ ਜੀਵਨ ਬਾਰੇ ਹੋਰ ਵੀ ਬਹੁਤ ਕੁਝ ਜਾਨਣ ਦੀ ਲੋੜ ਮਹਿਸੂਸ ਹੋ ਰਹੀ ਸੀ। ਇਸ ਦੇ ਨਾਲ ਹੀ ਬਹੁਤ ਸਾਲ ਪਹਿਲਾਂ ਸ: ਜਸਵੰਤ ਸਿੰਘ ਪਟਵਾਰੀ, ਸ਼ਾਹਪੁਰ (ਗੜ੍ਹਸ਼ੰਕਰ) ਨੇ ਬੀਬੀ ਗੁਲਾਬ ਕੌਰ ਬਾਰੇ ਪੁਸਤਕ ਲਿਖਣ ਲਈ ਚੋਖੀ ਮਾਇਕ ਸਹਾਇਤਾ ਦਿੱਤੀ ਸੀ ਤੇ ਉਹ ਚਾਹੁੰਦੇ ਸਨ ਕਿ ਇਹ ਪੁਸਤਕ ਛੇਤੀ ਤੋਂ ਛੇਤੀ ਲਿਖੀ ਜਾਵੇ, ਪ੍ਰੰਤੂ ਉਹਨਾਂ ਦੇ ਜੀਉਂਦੇ ਜੀ ਇਹ ਪੁਸਤਕ ਮੁਕੰਮਲ ਨਾ ਹੋ ਸਕੀ।

- ਗੁਰਮੀਤ

ਗੁਰੂ ਕੇ ਬਾਗ ਵਿੱਚ ਗੋਰੇਸ਼ਾਹੀ ਤੂਫਾਨ

ਗਿਆਨੀ ਨਿਰੰਜਨ ਸਿੰਘ ਸਰਲ
ਸੰਪਾਦਕ : ਗੁਰਦੇਵ ਸਿੰਘ ਸਿੱਧੂ
ਪੰਨੇ : 176, ਮੁੱਲ : 250 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਜਿੰਨੀ ਦੇਰ ਸਰਕਾਰ ਨਿਰਪੱਖ ਰਹੀ, ਓਨੀ ਦੇਰ ਤਾਂ ਮਹੰਤ ਸਿੱਖ -ਲੋਕ-ਰਾਇ ਦਾ ਪ੍ਰਭਾਵ ਕਬੂਲਦੇ ਰਹੇ, ਪਰ ਜਦੋਂ ਰਾਜਸੀ ਹਾਲਾਤ ਬਦਲਣ ਕਾਰਨ ਸਰਕਾਰ ਮਹੰਤਾਂ ਦੀ ਹਮਾਇਤ ਕਰਨ ਲੱਗੀ ਤਾਂ ਉਹਨਾ ਨੇ ਲੋਕ-ਰਾਇ ਪ੍ਰਤੀ ਬੇਪ੍ਰਵਾਹੀ ਅਤੇ ਬੇਧਿਆਨੀ ਵਿਖਾਉਣੀ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਕੁਝ ਸਥਾਨਾਂ ਉੱਤੇ ਮਹੰਤਾਂ ਦੁਆਰਾ ਜਨਤਕ ਦਬਾਅ ਦਾ ਹਿੰਸਕ ਵਿਰੋਧ ਵੀ ਕੀਤਾ ਗਿਆ ਅਤੇ ਕੁਝ ਹੋਰ ਥਾਵਾਂ ਉੱਤੇ ਮਹੰਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਕੀਤੇ ਇਕਰਾਰਨਾਮਿਆਂ ਦੀ ਉਲੰਘਣਾ ਕਰਨ ਲੱਗ ਪਏ। ਜ਼ਿਲ੍ਹਾ ਅੰਮ੍ਰਿਤਸਰ ਵਿੱਚ ਅਜਨਾਲਾ ਨੇੜੇ ਗੁਰਦੁਆਰਾ ਗੁਰੂ ਕਾ ਬਾਗ ਦਾ ਮਹੰਤ ਸੁੰਦਰ ਦਾਸ ਅਜਿਹੇ ਮਹੰਤਾਂ ਵਿੱਚੋਂ ਇੱਕ ਸੀ। ਇਸ ਥਾਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਚਰਨ ਪਾਉਣ ਦੀ ਯਾਦ ਵਿੱਚ ਦੋ ਗੁਰਦੁਆਰੇ ਸੁਸ਼ੋਭਿਤ ਸਨ। ਦੋਵੇਂ ਗੁਰਦੁਆਰਿਆਂ ਦੀਆਂ ਇਮਾਰਤਾਂ ਨੇੜੇ-ਨੇੜੇ ਹੀ ਸਨ ਅਤੇ ਇਹਨਾਂ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਦੇ ਹੱਥ ਸੀ। ਇਲਾਕੇ ਦੀ ਸਿੱਖ ਸੰਗਤ ਨੂੰ ਮਹੰਤ ਸੁੰਦਰ ਦਾਸ ਦੇ ਵਿਵਹਾਰ ਅਤੇ ਚਾਲ-ਚਲਣ ਪ੍ਰਤੀ ਕਈ ਸ਼ਿਕਾਇਤਾਂ ਸਨ। ਜਦੋਂ ਇਸ ਬਾਰੇ 31 ਜਨਵਰੀ 1921 ਈ: ਨੂੰ ਸ: ਦਾਨ ਸਿੰਘ ਵਿਛੋਆ ਦੀ ਅਗਵਾਈ ਹੇਠ ਇੱਕ ਅਕਾਲੀ ਜਥਾ ਮਹੰਤ ਨਾਲ ਗੱਲਬਾਤ ਕਰਨ ਵਾਸਤੇ ਗੁਰਦੁਆਰਾ ਗੁਰੂ ਕਾ ਬਾਗ ਗਿਆ ਤਾਂ ਮਹੰਤ ਨੇ ਆਪਣੀ ਗਲਤੀ ਸਵੀਕਾਰ ਕਰਦਿਆਂ ਇਸ ਨੂੰ ਸੁਧਾਰਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਨਿਯੁਕਤ 11 ਸਿੱਖ ਮੈਂਬਰਾਂ ਦੀ ਕਮੇਟੀ ਅਧੀਨ ਰਹਿ ਕੇ ਪ੍ਰਬੰਧ ਨੂੰ ਠੀਕ-ਠਾਕ ਚਲਾਉਣ ਦਾ ਵਾਅਦਾ ਕੀਤਾ। ਇਸ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਹੀ ਮਹੰਤ ਨੇ 8 ਫਰਵਰੀ 1921 ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਪੇਸ਼ ਹੋ ਕੇ ਅੰਮ੍ਰਿਤ ਛਕ ਲਿਆ। ਪਰ ਜਦੋਂ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਹੋਈ ਸ਼ਹੀਦੀ ਸਾਕੇ ਉਪਰੰਤ ਸਰਕਾਰ ਨੇ ਸਿੱਖਾਂ ਨੂੰ ਧੜਾਧੜ ਗ੍ਰਿਫ਼ਤਾਰ ਕਰਨਾ ਸ਼ੁਰੂ ਕਰ ਦਿੱਤਾ ਤਾਂ ਇਹ ਮਹੰਤ ਵੀ ਗੁਰਦੁਆਰਾ ਕਮੇਟੀ ਨੂੰ ਅੱਖਾਂ ਵਿਖਾਉਣ ਲੱਗ ਪਿਆ। ਮਹੰਤ ਦੇ ਬਦਲੇ ਤੇਵਰਾਂ ਦੇ ਫਲਸਰੂਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਮਹੰਤ ਨੂੰ ਮਾਸਿਕ ਗੁਜ਼ਾਰਾ ਭੱਤਾ ਅਤੇ ਅੰਮ੍ਰਿਤਸਰ ਵਿਖੇ ਰਿਹਾਇਸ਼ ਦੀ ਸਹੂਲਤ ਦੇ ਦਿੱਤੀ ਅਤੇ 23 ਅਗਸਤ 1921 ਤੋਂ ਗੁਰਦੁਆਰਾ ਗੁਰੂ ਕਾ ਬਾਗ ਦਾ ਪ੍ਰਬੰਧ ਆਪਣੇ ਅਧੀਨ ਲੈ ਲਿਆ।



- ਪੁਸਤਕ 'ਚੋਂ

ਫਾਸ਼ਿਜ਼ਮ ਜਾਂ ਸੋਸ਼ਲਿਜ਼ਮ

ਗਿਆਨੀ ਹੀਰਾ ਸਿੰਘ ਦਰਦ
ਸੰਪਾਦਕ : ਡਾ. ਹਰਜੀਤ ਸਿੰਘ
5 ਆਬ ਪ੍ਰਕਾਸ਼ਨ, ਜਲੰਧਰ

ਅਸੀਂ ਤਾਂ ਸਿਪਾਹੀ ਹਾਂ। ਸਿਪਾਹੀ ਦਾ ਫਰਜ਼ ਹੈ ਹੁਕਮੀ ਬੰਦਾ ਬਣਨਾ ਤੇ ਜਰਨੈਲ ਦਾ ਹੁਕਮ ਮੰਨਣਾ। ਸਿਪਾਹੀ ਨੂੰ ਇਹ ਉੱਕਾ ਸੋਚਣ ਦੀ ਲੋੜ ਨਹੀਂ ਕਿ ਹੁਕਮ ਗਲਤ ਹੈ ਕਿ ਸਹੀ ਅਤੇ ਇਸ ਦੇ ਮੰਨਣ ਨਾਲ ਕੀ ਨਤੀਜਾ ਨਿਕਲੇਗਾ। ਇਹ ਸੁਣ ਕੇ ਮੇਰੇ ਦਿਲ 'ਤੇ ਸਖਤ ਚੋਟ ਲੱਗੀ ਅਤੇ ਮੈਂ ਫਿਰ ਕਿਹਾ-'ਯਕ ਨਾ ਸ਼ੁਦ ਦੋ ਸ਼ੁਦ'। ਇਹ ਤਾਂ ਇੱਕ ਹੋਰ ਖਤਰਨਾਕ, ਡੋਬੂ ਤੇ ਹਾਰੂ ਰੁਚੀ ਹੈ। ਨਾਲੇ ਗਾਂਧੀ ਜੀ ਤਾਂ ਕਾਂਗਰਸ ਦੀ ਜਰਨੈਲੀ ਛੱਡ ਵੀ ਚੁੱਕੇ ਹਨ ਅਤੇ ਮੌਲਾਨਾ ਆਜ਼ਾਦ ਤੇ ਪੰਡਤ ਜਵਾਹਰ ਲਾਲ ਨਹਿਰੂ ਵਰਗੇ ਲੀਡਰ ਕਈ ਵੇਰਾਂ ਐਲਾਨ ਵੀ ਕਰ ਚੁੱਕੇ ਹਨ ਕਿ ਸਾਡੀ ਹਮਦਰਦੀ ਪੰਚਾਇਤਸ਼ਾਹੀ, ਰੂਸ ਤੇ ਚੀਨ ਨਾਲ ਹੈ। ਅਸੀਂ ਜਰਮਨ, ਜਾਪਾਨ ਤੇ ਇਟਲੀ ਫਾਸ਼ਿਸਟ ਮੁਲਕਾਂ ਦੇ ਕੱਟੜ ਵਿਰੋਧੀ ਹਾਂ। ਜੇ ਸਾਨੂੰ ਇੱਥੇ ਕੌਮੀ ਹਕੂਮਤ ਦੇ ਦਿੱਤੀ ਜਾਵੇ ਤਾਂ ਅਸੀਂ ਸ਼ਸਤਰਾਂ ਨਾਲ ਜੰਗੀ ਟਾਕਰਾ ਕਰਨ ਅਤੇ ਆਪਣੇ ਮੁਲਕ ਦੀ ਰੱਖਿਆ ਕਰਨ ਲਈ ਤਿਆਰ ਹਾਂ। ਸੋਚਣ-ਸਮਝਣ ਵਾਲੇ ਲੋਕ ਅਕਲ ਨੂੰ ਜੰਦਰਾ ਮਾਰ ਕੇ ਅੰਧਾ-ਧੁੰਦ ਕਿਸੇ ਦੇ ਪਿੱਛੇ ਨਹੀਂ ਲੱਗਦੇ। ਉਹ ਸੋਚਦੇ ਹਨ, ਵਿਚਾਰਦੇ ਹਨ ਅਤੇ ਆਗੂਆਂ ਨੂੰ ਬਦਲਦੇ ਵੀ ਰਹਿੰਦੇ ਹਨ। ਇੰਗਲੈਂਡ ਵਿੱਚ ਜੰਗ ਦੇ ਦਿਨਾਂ ਵਿੱਚ ਹੀ ਚੈਂਬਰਲੇਨ ਨੂੰ ਬਦਲ ਕੇ ਮਿ: ਚਰਚਲ ਨੂੰ ਪਰਾਈਮ ਮਨਿਸਟਰ ਬਣਾ ਦਿੱਤਾ ਗਿਆ ਸੀ।

- ਪੁਸਤਕ 'ਚੋਂ

ਅਣਗੌਲਿਆ ਆਜ਼ਾਦੀ ਘੁਲਾਟੀਆ

ਗ਼ਦਰੀ ਬਾਬਾ ਨਿਧਾਨ ਸਿੰਘ ਮਹੇਸਰੀ
ਡਾ: ਗੁਰਦੇਵ ਸਿੰਘ ਸਿੱਧੂ
ਪੰਨੇ : 100, ਮੁੱਲ : 200 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਪਹਿਲੀ ਸੰਸਾਰ ਜੰਗ ਦੌਰਾਨ ਜਦ ਅਗਸਤ 1914 ਵਿੱਚ ਬਹੁ-ਗਿਣਤੀ ਗ਼ਦਰੀ ਦੇਸ਼ ਪਹੁੰਚ ਕੇ ਬਰਤਾਨਵੀ ਹਿੰਦੁਸਤਾਨ ਸਰਕਾਰ ਖਿਲਾਫ ਹਥਿਆਰਬੰਦ ਗ਼ਦਰ ਕਰਨ ਲਈ ਅਮਰੀਕਾ ਤੋਂ ਰਵਾਨਾ ਹੋ ਗਏ ਤਾਂ ਗ਼ਦਰੀ ਆਸ਼ਰਮ ਦੀ ਜ਼ਿੰਮੇਵਾਰੀ ਨਵੇਂ ਬੰਦਿਆਂ ਨੂੰ ਸੰਭਾਲਣੀ ਪਈ। ਅਜਿਹੇ ਹਾਲਾਤ ਵਿੱਚ ਨਿਧਾਨ ਸਿੰਘ ਨੇ ਰਾਮ ਚੰਦਰ ਨਾਲ ਰਲ ਕੇ ਪਾਰਟੀ ਦਾ ਕੰਮਕਾਰ ਸੰਭਾਲਿਆ ਅਤੇ ਰਿਹਾਇਸ਼ ਗ਼ਦਰ ਆਸ਼ਰਮ ਵਿੱਚ ਕਰ ਲਈ। ਉਸ ਦਾ ਕਰਮ ਖੇਤਰ ਗ਼ਦਰ ਦਾ ਛਾਪਾਖਾਨਾ ਸੀ। ਉਸ ਦੀ ਕੰਮ ਪ੍ਰਤੀ ਲਗਨ ਅਤੇ ਮਿਹਨਤ ਸਦਕਾ ਛੇਤੀ ਹੀ ਉਸ ਨੂੰ ਗ਼ਦਰ ਪਾਰਟੀ ਦੇ ਆਗੂਆਂ ਵਿੱਚ ਗਿਣਿਆ ਜਾਣ ਲੱਗਾ। ਇਹਨੀਂ ਦਿਨੀਂ ਹੋਰ ਕੋਈ ਮੁੱਖ ਗ਼ਦਰੀ ਅਮਰੀਕਾ ਵਿੱਚ ਨਾ ਹੋਣ ਕਾਰਨ ਰਾਮ ਚੰਦਰ ਪਾਰਟੀ ਦਾ ਸਰਵੇ ਸਰਵਾ ਬਣ ਚੁੱਕਾ ਸੀ। ਜੰਗ ਵਿੱਚ ਫਸੀ ਬਰਤਾਨਵੀ ਹਿੰਦੁਸਤਾਨ ਸਰਕਾਰ ਨੂੰ ਘੇਰਨ ਲਈ ਗ਼ਦਰੀਆਂ ਦੇ ਹੱਥ ਮਜ਼ਬੂਤ ਕਰਨ ਵਾਸਤੇ ਸਾਨ ਫਰਾਂਸਿਸਕੋ ਸਥਿਤ ਜਰਮਨ ਕਾਊਂਸਲ ਮਦਦ ਦੇ ਰਿਹਾ ਸੀ ਅਤੇ ਅਜਿਹਾ ਰਾਮ ਚੰਦਰ ਦੇ ਰਾਹੀਂ ਹੁੰਦਾ ਸੀ। ਇਸ ਸਥਿਤੀ ਵਿੱਚ ਰਾਮ ਚੰਦਰ ਦੇ ਮਨ ਵਿੱਚ ਬੇਈਮਾਨੀ ਆ ਗਈ। ਉਹ ਆਪਣੇ-ਆਪ ਨੂੰ ਇਮਾਨਦਾਰ ਦਿਖਾਉਣ ਲਈ ਗ਼ਦਰ ਪਾਰਟੀ ਦੇ ਸਹਿਯੋਗੀਆਂ ਵੱਲੋਂ ਮਿਲਦੇ ਫੰਡ ਦਾ ਹਿਸਾਬ-ਕਿਤਾਬ ਬਾਕਾਇਦਾ ਰੱਖਦਾ ਅਤੇ ਗ਼ਦਰ ਪਾਰਟੀ ਦੇ ਕਮੇਟੀ ਮੈਂਬਰਾਂ ਨੂੰ ਵੀ ਵਿਖਾਉਂਦਾ, ਪਰ ਜਰਮਨ ਤੋਂ ਮਿਲਦੀ ਸਹਾਇਤਾ ਨੂੰ 'ਗੁਪਤ ਫੰਡ' ਕਹਿ ਕੇ ਇਸ ਬਾਰੇ ਕਿਸੇ ਨੂੰ ਕੁਝ ਨਾ ਦੱਸਦਾ। ਉਸ ਦੇ ਅਜਿਹੇ ਵਿਹਾਰ ਨੂੰ ਦੇਖਦਿਆਂ ਪਾਰਟੀ ਦੇ ਕਈ ਖਜ਼ਾਨਚੀ ਮੁਨਸ਼ੀ ਰਾਮ, ਨਿਰੰਜਣ ਦਾਸ ਅਤੇ ਸ੍ਰੀ ਗੋਧਾ ਰਾਮ ਅੱਗੜ ਪਿੱਛੜ ਕੰਮ ਛੱਡ ਗਏ ਤਾਂ ਸਤੰਬਰ 1915 ਵਿ

29-Oct-Sunday.qxd 10/28/2023 8:29 PM Page 6

ਸਿੰਗਲ ਮਾਵਾਂ

ਕੈਨੇਡਾ ਡਾਇਰੀ-13

ਭਗਵੰਤ ਰਸੂਲਪੁਰੀ

ਕੈਨੇਡਾ ਰਹਿ ਰਹੇ ਪੰਜਾਬੀ ਪਰਵਾਰਾਂ 'ਚ ਨਾਰੀ ਦੇ ਪ੍ਰੰਪਰਕ ਅਤੇ ਆਧੁਨਿਕ ਰੂਪ ਨੂੰ ਵੀ ਸਮਝਣ ਦਾ ਮੌਕਾ ਮਿਲਿਆ ਹੈ। ਇਹਨਾਂ ਪਰਵਾਰਾਂ 'ਚ 'ਸਿੰਗਲ ਮਾਂ' ਪੰਜਾਬ 'ਚ ਰਹਿ ਰਹੀ ਵਿਧਵਾ ਨਾਰੀ ਨਾਲੋਂ ਬਿਲਕੁੱਲ ਵੱਖਰੀ ਕਿਸਮ ਦੀ ਹੈ। ਕੈਨੇਡਾ 'ਚ ਇਸ ਵਾਰ ਮੈਂ ਕੁਝ 'ਸਿੰਗਲ ਮਾਵਾਂ' ਨੂੰ ਮਿਲ ਕੇ ਉਹਨਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਇਹ ਆਪਣੇ ਆਜ਼ਾਦ ਅਸਤਿੱਤਵ ਨਾਲ ਸਮਾਜ 'ਚ ਵਿਚਰ ਕੇ ਜਿੱਥੇ ਆਪਣੇ ਬੱਚੇ ਪਾਲ ਰਹੀਆਂ ਹਨ, ਉੱਥੇ ਆਪਣਾ ਘਰ ਤੇ ਹੋਰ ਖਰਚੇ ਵੀ ਕੰਮ ਕਰਕੇ ਕਰ ਰਹੀਆਂ ਹਨ। ਪਹਿਲੇ ਵਿਆਹ ਤੋਂ ਬੱਚੇ ਹੋਣ ਉਪਰੰਤ ਇਹਨਾਂ ਦਾ ਵਿਆਹ ਸੰਸਥਾ ਤੋਂ ਮੋਹ ਭੰਗ ਹੋ ਗਿਆ ਹੈ। ਇਹ ਆਪਣੇ ਪਰਵਾਰਾਂ ਦੇ ਦਬਾਅ ਤੋਂ ਉਪਰ ਉੱਠ ਕੇ ਆਪਣੇ ਹਿੱਸੇ ਦੀ ਆਜ਼ਾਦੀ ਮਾਣ ਰਹੀਆਂ ਹਨ। ਇਹਨਾਂ 'ਸਿੰਗਲ ਮਾਵਾਂ' ਨਾਲ ਸੰਵਾਦ ਤੋਂ ਪਤਾ ਲੱਗਦਾ ਹੈ ਕਿ ਇਹ ਮਰਦ ਦੇ ਦਾਬੇ ਤੋਂ ਆਜ਼ਾਦ ਹੋ ਕੇ ਸਿਹਤ ਅਤੇ ਮਾਨਸਿਕ ਤੌਰ 'ਤੇ ਆਜ਼ਾਦ ਹੋ ਗਈਆਂ ਹਨ। ਇਹਨਾਂ ਦੇ ਪਤੀ ਆਪਣੀ ਜਗੀਰੂ/ਫਿਊਡਲ ਸੋਚ ਕਰਕੇ ਔਰਤ 'ਤੇ ਦਾਬਾ ਪਾਉਂਦੇ ਰਹੇ ਹਨ, ਜਿਸ ਕਰਕੇ ਕੈਨੇਡਾ ਵਰਗੇ ਅਤਿ-ਆਧੁਨਿਕ ਦੇਸ਼ 'ਚ ਆ ਕੇ ਵੀ ਉਹ ਪ੍ਰੰਪਰਕ ਨਾਰੀ ਵਾਂਗ ਦਾਬਾ ਸਹਿੰਦੀ ਅਤੇ ਪੀੜਤ ਬਣੀ ਰਹੀ।

ਇਸ ਫੇਰੀ ਦੌਰਾਨ ਮੈਂ 5-7 'ਸਿੰਗਲ ਮਾਵਾਂ' ਨੂੰ ਮਿਲਿਆ ਹਾਂ। ਇਹਨਾਂ ਨੇ ਪਰਵਾਰਾਂ ਦੇ ਦਬਾਅ ਦੇ ਬਾਵਜੂਦ ਮੁੜ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ। ਹੁਣ ਇਹ ਆਪਣੇ ਘਰਾਂ 'ਚ ਆਜ਼ਾਦੀ ਨਾਲ ਆਪਣੇ ਬੱਚਿਆਂ 'ਚ ਰਹਿ ਰਹੀਆਂ ਹਨ। ਇਹਨਾਂ ਕੋਲ ਜਿਊਣ ਦੀ ਹਰ ਸਹੂਲਤ ਘਰ-ਕੰਮ-ਧੰਦਾ-ਗੱਡੀਆਂ ਆਦਿ ਹਨ। ਸਰੀ (ਬੀ ਸੀ) 'ਚ ਰਹਿੰਦੀ ਸੁਰਿੰਦਰ ਕੌਰ ਆਪਣੀਆਂ ਦੋ ਧੀਆਂ ਨਾਲ ਆਪਣੇ ਘਰ ਰਹਿ ਰਹੀ ਹੈ। ਉਸ ਦੀ ਵੱਡੀ ਕੁੜੀ ਯੂ ਬੀ ਸੀ (ਯੂਨੀਵਰਸਿਟੀ) 'ਚ ਪੜ੍ਹ ਰਹੀ ਹੈ। ਉਹਦਾ ਸੁਪਨਾ ਉੱਚ ਵਿੱਦਿਆ ਪ੍ਰਾਪਤ ਕਰਕੇ ਅਧਿਆਪਕ ਬਣਨ ਦਾ ਹੈ। ਛੋਟੀ ਮੈਡੀਕਲ ਦੀ ਵਿਦਿਆਰਥਣ ਹੈ। ਸੁਰਿੰਦਰ ਕੌਰ ਕਹਿੰਦੀ ਹੈ, 'ਮੈਂ ਤੀਹ ਕੁ ਸਾਲ ਪਹਿਲਾਂ ਏਥੋਂ ਦੇ ਮੁੰਡੇ ਨਾਲ ਵਿਆਹ ਕਰਵਾ ਕੇ ਕੈਨੇਡਾ ਆਈ ਸੀ। ਦੋ ਕੁੜੀਆਂ ਤੋਂ ਬਾਅਦ ਮੇਰਾ ਪਤੀ ਮੇਰੇ ਨਾਲ ਲੜਨ ਲੱਗ ਪਿਆ। ਸ਼ਰਾਬ ਪੀ ਕੇ ਮੇਰੇ ਮਾਪਿਆਂ ਨੂੰ ਗਾਲ੍ਹਾਂ ਕੱਢਣ ਲੱਗ ਪੈਂਦਾ। ਕਈ ਵਾਰ ਮੇਰੇ 'ਤੇ ਹੱਥ ਵੀ ਚੁੱਕ ਲੈਂਦਾ, ਜਿਸ ਕਾਰਨ ਮੈਂ ਕਈ ਵਾਰ ਪੁਲਸ ਬੁਲਾਉਣ ਲਈ ਮਜਬੂਰ ਹੋਈ। ਇੱਕ ਦਿਨ ਪੁਲਸ ਨੇ ਉਸ ਨੂੰ ਸਜ਼ਾ ਦਿੰਦਿਆਂ ਘਰੋਂ ਕੱਢ ਦਿੱਤਾ। ਬੱਚੀਆਂ ਛੋਟੀਆਂ ਸਨ। ਘਰ ਮੈਨੂੰ ਮਿਲ ਗਿਆ ਤੇ ਉਹ ਕਿਰਾਏ ਦੀ ਬੇਸਮੈਂਟ 'ਚ ਚਲੇ ਗਿਆ। ਪਹਿਲਾਂ-ਪਹਿਲਾਂ ਮੈਨੂੰ ਕਾਫੀ ਮੁਸ਼ਕਲਾਂ ਆਈਆਂ। ਮੈਂ ਕੰਮ ਕਰਨ ਲੱਗ ਪਈ ਤੇ ਬੱਚੀਆਂ ਵੱਡੀਆਂ ਹੋਣ ਲੱਗ ਪਈਆਂ। ਫਿਰ ਮੇਰਾ ਵਿਆਹ ਕਰਾਉਣ ਨੂੰ ਮਨ ਨਾ ਕੀਤਾ ਤੇ ਮੈਂ ਇਕੱਲੀ ਨੇ ਬੱਚੀਆਂ ਨੂੰ ਮਾਂ-ਬਾਪ ਦਾ ਪਿਆਰ ਦਿੱਤਾ। ਅੱਜ ਮੈਨੂੰ ਬੱਚੀਆਂ 'ਤੇ ਮਾਣ ਹੈ।'

ਬੀ ਸੀ ਦੇ ਸ਼ਹਿਰ ਕਲੋਨਾ ਰਹਿੰਦੀ ਰਮਨਜੋਤ ਨਰਸਿੰਗ ਦੀ ਪੜ੍ਹਾਈ ਕਰਕੇ ਵਿਆਹ ਕਰਕੇ ਕੈਨੇਡਾ ਆ ਗਈ। ਤਿੰਨ ਕੁ ਸਾਲਾਂ ਬਾਅਦ ਪਤੀ ਤੋਂ ਵੱਖ ਹੋ ਕੇ ਬੇਸਮੈਂਟ 'ਚ ਰਹਿਣ ਲੱਗ ਪਈ। ਉਹ ਕਹਿੰਦੀ ਹੈ, 'ਉਹਨਾਂ ਦਿਨਾਂ 'ਚ ਮੈਂ ਬਹੁਤ ਮਿਹਨਤ ਕੀਤੀ, ਕੰਮ ਦੇ ਨਾਲ ਨਰਸਿੰਗ ਦੀ ਪੜ੍ਹਾਈ ਕਰਦੀ ਰਹੀ। ਫਿਰ ਮੈਨੂੰ ਕਲੋਨਾ ਦੇ ਹਸਪਤਾਲ 'ਚ ਨਰਸਿੰਗ ਦੀ ਜੌਬ ਮਿਲ ਗਈ। ਫਿਰ ਮੈਂ ਆਪਣੇ ਮਾਤਾ-ਪਿਤਾ ਤੇ ਭਰਾ ਨੂੰ ਇੱਥੇ ਆਪਣੇ ਕੋਲ ਬੁਲਾ ਲਿਆ ਤੇ ਪੈਸੇ ਜੋੜ ਕੇ ਘਰ ਲੈ ਲਿਆ। ਭਾਵੇਂ ਕਿ ਮੇਰਾ ਵਿਆਹ ਤੋਂ ਕੋਈ ਬੱਚਾ ਨਹੀਂ ਹੈ, ਪਰ ਮੈਂ ਫਿਰ ਵੀ ਵਿਆਹ ਨਹੀਂ ਕਰਵਾਇਆ। ਨਾ ਭਵਿੱਖ ਦੀ ਕੋਈ ਯੋਜਨਾ ਹੈ।'

ਕੈਲਗਰੀ ਰਹਿ ਰਹੀ ਆਸ਼ਾ ਮੇਰੇ ਪਿੰਡ ਦੀ ਕੁੜੀ ਹੈ। ਅੱਜ ਉਹ ਆਪਣੇ ਘਰ 'ਚ ਆਪਣੇ ਦੋ ਮੁੰਡਿਆਂ ਨਾਲ 'ਇਕੱਲੀ ਮਾਂ' ਵਜੋਂ ਰਹਿ ਰਹੀ ਹੈ। ਉਹ ਆਪਣੀ ਗੱਡੀ 'ਚ ਕੰਮ 'ਤੇ ਜਾਂਦੀ ਹੈ ਤੇ ਮੁੜ ਵਿਆਹ ਕਰਾਉਣ ਦਾ ਵਿਚਾਰ ਤਿਆਗ ਚੁੱਕੀ ਹੈ। ਉਹ ਕਹਿੰਦੀ ਹੈ, 'ਭਾਜੀ! ਮੇਰਾ ਪਤੀ ਸ਼ਰਾਬ ਬਹੁਤ ਪੀਂਦਾ ਸੀ। ਕੰਮ ਕਰਨਾ ਬੰਦ ਕਰਕੇ ਦਿਨ-ਰਾਤ ਦਾਰੂ ਪੀਂਦਾ ਰਹਿੰਦਾ। ਇਸ ਦੌਰਾਨ ਦੋ ਬੱਚੇ ਹੋ ਗਏ। ਦਾਰੂ ਦੀ ਵਧੇਰੇ ਮਾਤਰਾ ਨਾਲ ਉਹਦੇ ਗੁਰਦੇ ਖਰਾਬ ਹੋ ਗਏ ਤੇ ਅੰਤ ਉਸ ਦੀ ਮੌਤ ਦਾ ਕਾਰਨ ਬਣੇ। ਮੈਂ ਇਕੱਲੀ ਨੇ ਬੱਚੇ ਪਾਲੇ, ਪੜ੍ਹਾਏ। ਹੁਣ ਮੇਰਾ ਵੱਡਾ ਮੁੰਡਾ ਕੰਮ ਵੀ ਕਰਦਾ ਤੇ ਪੜ੍ਹਦਾ ਵੀ ਹੈ। ਘਰਦਿਆਂ ਬਹੁਤ ਕਿਹਾ ਕਿ ਕੁੜੀਏ ਵਿਆਹ ਕਰਵਾ ਲੈ, ਪਰ ਮੇਰਾ ਮੋਹ ਭੰਗ ਹੋ ਗਿਆ ਹੈ। ਮੈਂ ਹੁਣ ਆਪਣੀ ਮਰਜ਼ੀ ਨਾਲ ਜ਼ਿੰਦਗੀ ਜਿਊ ਰਹੀ ਹਾਂ। ਭਰਾਵਾਂ ਅੱਗੇ ਹੱਥ ਨਹੀਂ ਅੱਡਦੀ। ਖੁਸ਼ ਹਾਂ ਤੇ ਮਾਨਸਿਕ ਤੇ ਸਿਹਤ ਪੱਖੋਂ ਤੰਦਰੁਸਤ।' ਆਸ਼ਾ ਜੇਕਰ ਪੰਜਾਬ 'ਚ ਵਿਧਵਾ ਹੋ ਜਾਂਦੀ ਤਾਂ ਉਹਦੀ ਸਥਿਤੀ ਤਰਸਯੋਗ ਹੋਣੀ ਸੀ। ਬਾਕੀ 'ਸਿੰਗਲ ਮਾਵਾਂ' ਦੀ ਕਹਾਣੀ ਵੀ 'ਇਨ੍ਹਾਂ' ਵਰਗੀ ਹੈ। ਮੈਂ ਵੇਖਿਆ ਹੈ ਕੈਨੇਡਾ ਵਰਗੇ ਦੇਸ਼ ਨੇ ਇਹੋ ਜਿਹੀਆਂ 'ਸਿੰਗਲ ਮਾਵਾਂ' ਲਈ ਸੁਰੱਖਿਆ ਦਾ ਇੱਕ ਮਜ਼ਬੂਤ ਕਵਚ ਤਿਆਰ ਕੀਤਾ ਹੈ, ਜਿਸ 'ਚ ਤਨ, ਮਨ ਦੀ ਆਜ਼ਾਦੀ ਹੈ।

ਬਾਬਾ ਸੋਹਣ ਸਿੰਘ ਭਕਨਾ ਦਾ ਸੁਨੇਹਾ

ਅਜੇ ਨਾ ਆਈ ਮੰਜ਼ਿਲ ਤੇਰੀ, ਅਜੇ ਵਡੇਰਾ ਪਾੜਾ ਏ...।

ਆਜ਼ਾਦ ਅਤੇ ਖੁਸ਼ਹਾਲ ਸਮਾਜ ਦੀ ਉਸਾਰੀ ਦਾ ਸੁਪਨਾ ਲੈ ਕੇ ਗ਼ਦਰ ਪਾਰਟੀ ਵੱਲੋਂ ਸ਼ੁਰੂ ਕੀਤੇ ਗਏ ਸੰਘਰਸ਼ ਨੂੰ ਮੰਜ਼ਲ ਤੱਕ ਲਿਜਾਣ ਦਾ ਹੋਕਾ ਦਿੰਦਾ 'ਮੇਲਾ ਗ਼ਦਰੀ ਬਾਬਿਆਂ ਦਾ' ਅੱਜ ਆਪਣੇ 29ਵੇਂ ਪੜਾਅ 'ਚ ਪਹੁੰਚ ਗਿਆ ਹੈ। ਇਸ ਵਾਰ ਮੇਲਾ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇਗੰਢ ਨੂੰ ਸਮਰਪਤ ਹੈ। ਅੱਜ ਜਿਨ੍ਹਾਂ ਹਾਲਤਾਂ 'ਚ ਜਦੋਂ ਇਹ ਮੇਲਾ ਹੋ ਰਿਹਾ ਹੈ, ਉਸ ਵੇਲੇ ਦੇਸ਼ ਦੀ ਫਾਸ਼ੀਵਾਦੀ ਹਕੂਮਤ ਦੀ ਅਗਵਾਈ ਵਿੱਚ ਕਾਰਪੋਰੇਟ ਜਗਤ ਦੀ ਗਰੀਬ ਤੇ ਆਮ ਜਨਤਾ ਉਤੇ ਜਕੜ ਦਿਨੋ-ਦਿਨ ਪੀਢੀ ਜਾ ਰਹੀ ਹੈ। ਇਨ੍ਹਾਂ ਹਾਲਤਾਂ ਸਬੰਧੀ ਬਾਬਾ ਭਕਨਾ ਜੀ ਨੇ ਅੱਜ ਤੋਂ ਕਰੀਬ 6 ਦਹਾਕੇ ਪਹਿਲਾਂ ਫ਼ਿਕਰਮੰਦੀ ਜ਼ਾਹਿਰ ਕਰਦੇ ਹੋਏ, ਭਰੇ ਮਨ ਨਾਲ ਕਿਹਾ ਸੀ :

"ਅੱਜ ਦੀ ਰਾਜਨੀਤੀ ਵੱਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਹ ਨਿੱਜੀ ਮਾਲਕੀ ਅਤੇ ਦੌਲਤ ਦੇ ਸਿਰ 'ਤੇ ਚਲਦੀ ਹੈ। ਜਗੀਰਦਾਰੀ ਕਾਲ ਵਿੱਚ ਰਾਜੇ ਤੇ ਜਗੀਰਦਾਰ ਡੰਡੇ ਦੇ ਜ਼ੋਰ ਨਾਲ ਸਿੱਧੀ ਲੁੱਟ ਕਰਦੇ ਸਨ, ਜਿਹੜੀ ਕਿ ਲੋਕਾਂ ਨੂੰ ਦਿਸ ਸਕਦੀ ਸੀ, ਪਰ ਪੂੰਜੀਵਾਦੀ ਦੌਰ ਵਿੱਚ ਪੈਸਾ ਡੰਡੇ ਦਾ ਕੰਮ ਕਰਦਾ ਹੈ। ਉਹ ਇਸ ਤਰ੍ਹਾਂ ਕਿ ਪੈਦਾਵਾਰ ਦੇ ਸਾਧਨ. ਜਿਵੇਂ ਜ਼ਮੀਨ, ਕਾਰਖਾਨੇ, ਖਾਨਾਂ, ਆਵਾਜਾਈ ਦੇ ਸਾਧਨ ਜ਼ਿਆਦਾਤਰ ਪੂੰਜੀਪਤੀਆਂ ਦੇ ਹੱਥਾਂ ਵਿੱਚ ਹਨ। ਇਹਨਾਂ ਦੇ ਸਿਰ 'ਤੇ ਹੀ ਲੋਕਾਂ ਦਾ ਖ਼ੂਨ ਚੂਸਿਆ ਜਾਂਦਾ ਹੈ। ਕਾਮੇ-ਮਜ਼ਦੂਰ, ਜਿਨ੍ਹਾਂ ਦਾ ਪੈਦਾਵਾਰ ਦੇ ਸਾਧਨਾਂ 'ਤੇ ਕੋਈ ਹੱਕ ਨਹੀਂ, ਪੂੰਜੀਪਤੀਆਂ ਦੇ ਰਹਿਮ 'ਤੇ ਹਨ। ਪੂੰਜੀਵਾਦ ਦਾ ਇਹ ਖਾਸਾ ਹੈ ਕਿ 'ਘੱਟ ਮਜ਼ੂਰੀ ਤੇ ਚੋਖਾ ਕੰਮ।' ਇਸੇ ਤਰ੍ਹਾਂ ਛੋਟੇ ਕਿਸਾਨ ਤੇ ਮੁਜ਼ਾਰੇ ਵੀ ਧਨਾਢ ਜ਼ਿਮੀਦਾਰਾਂ, ਸ਼ਾਹੂਕਾਰਾਂ ਦੇ ਰਹਿਮ 'ਤੇ ਹਨ। ਦਿਨ-ਰਾਤ ਮਿਹਨਤ ਕਰਕੇ ਨਾ ਢਿੱਡ ਭਰ ਕੇ ਰੋਟੀ ਮਿਲਦੀ ਹੈ ਤੇ ਨਾ ਹੀ ਪਹਿਨਣ ਨੂੰ ਕੱਪੜਾ। ਉਹ ਅਤੇ ਉਨ੍ਹਾਂ ਦੇ ਬਾਲ-ਬੱਚੇ ਮੂਲੋਂ ਨੰਗੇ ਤੇ ਭੁੱਖੇ ਪੇਟ ਸੌਂਦੇ ਹਨ। ਇਸੇ ਤਰ੍ਹਾਂ ਛੋਟਾ ਦੁਕਾਨਦਾਰ, ਦਰਮਿਆਨੇ ਤਬਕੇ ਦਾ ਵੀ ਪਲੋ-ਪਲ ਵਧਦੀ ਮਹਿੰਗਾਈ ਨੇ ਕਚੂਮਰ ਕੱਢ ਦਿੱਤਾ ਹੈ ਅਤੇ ਉਹ ਵੀ ਹੁਣ ਡਾਵਾਂਡੋਲ ਹੈ?

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦ ਦੇਸ਼ ਵਿੱਚ ਕੌਮੀ ਰਾਜ ਹੈ ਅਤੇ ਦੇਸ਼ ਆਜ਼ਾਦ ਹੈ ਤਾਂ ਫ਼ਿਰ ਸਾਡੀ ਕਮਾਈ ਕੌਣ ਖੋਹ ਕੇ ਲੈ ਜਾਂਦਾ ਹੈ? ਬਦੇਸ਼ੀ ਲੁਟੇਰਾ ਤਾਂ ਚਲਾ ਗਿਆ ਹੈ। ਹਾਂ! ਠੀਕ ਹੈ ਗੋਰਾ ਧਾੜਵੀ ਤਾਂ ਚਲਾ ਗਿਆ, ਪਰ ਉਸ ਦੀ ਥਾਂ ਦੇਸੀ ਜੋਕਾਂ ਅਤੇ ਲੁਟੇਰਿਆਂ ਨੇ ਲੈ ਲਈ ਹੈ।"

ਦੇਸ਼ ਅੰਦਰ ਜਮਹੂਰੀਅਤ ਦੇ ਨਾਂਅ ਹੇਠ ਚੱਲ ਰਹੇ ਪ੍ਰਬੰਧ ਬਾਰੇ ਬਾਬਾ ਜੀ ਨੇ ਕਿਹਾ ਸੀ:

"ਜਮਹੂਰੀਅਤ ਦਾ ਭਾਵ ਹੈ ਕਿ ਲੋਕਾਂ ਦਾ ਰਾਜ। ਇਸ ਵਿੱਚ ਜਨਤਾ ਮਾਲਕ ਹੈ। ਸਰਕਾਰ ਲੋਕਾਂ ਦੀ ਸੇਵਕ ਹੈ, ਪਰ ਹਿੰਦੁਸਤਾਨੀ ਜਮਹੂਰੀਅਤ ਏਨੀ ਕਮਜ਼ੋਰ ਹੈ, ਜਿਸ ਵਿੱਚ ਜਨਤਾ ਦੀ ਕੋਈ ਆਵਾਜ਼ ਨਹੀਂ, ਹਕੂਮਤ ਦੇ ਹੱਥ ਵਿੱਚ ਸਾਰੀ ਤਾਕਤ ਹੈ। ਅਗਰ ਜਮਹੂਰੀਅਤ ਹੁੰਦੀ ਤਾਂ ਹਰ ਰੋਜ਼ 'ਉਚੇਚੇ ਕਾਨੂੰਨ' ਪਾਸ ਨਾ ਹੁੰਦੇ ਅਤੇ ਭਾਰਤੀ ਰੱਖਿਆ ਨਿਯਮ ਦੀ ਕੋਈ ਜ਼ਰੂਰਤ ਨਹੀਂ ਪੈਣੀ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਜਮਹੂਰੀਅਤ ਕਹਿਣ ਨੂੰ ਤਾਂ ਹੈ, ਪਰ ਅਮਲ ਵਿੱਚ ਥੋਥੀ ਹੈ।"

ਅੱਜ ਦੇਸ਼ ਦੇ ਅੰਦਰ ਹਰ ਮਿਹਨਤਕਸ਼ ਤਬਕਾ, ਕਿਸਾਨ, ਮਜ਼ਦੂਰ, ਮੁਲਾਜ਼ਮ, ਨੌਜਵਾਨ, ਛੋਟਾ ਵਪਾਰੀ ਆਪਣੇ ਹੱਕਾਂ ਲਈ ਸੰਘਰਸ਼ ਕਰ ਰਿਹਾ ਅਤੇ ਹਕੂਮਤ ਜਬਰ-ਜ਼ੁਲਮ ਨਾਲ ਉਨ੍ਹਾਂ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਗਰੀਬ ਦਲਿਤਾਂ, ਔਰਤਾਂ, ਘੱਟ ਗਿਣਤੀਆਂ 'ਤੇ ਵਹਿਸ਼ੀ ਅੱਤਿਆਚਾਰ ਹੋ ਰਿਹਾ ਹੈ, ਉਸ ਵੇਲੇ ਬਾਬਾ ਜੀ ਦਾ ਇਹ ਸੁਨੇਹਾ ਸਮੇਂ ਦੀ ਵੰਗਾਰ ਹੈ:

"ਐ ਦੁਨੀਆ ਦੇ ਗਰੀਬੋ, ਜਾਗੋ ਤੇ ਜਥੇਬੰਦ ਹੋ ਜਾਵੋ। ਤੁਸੀਂ ਇਨਸਾਨ ਹੋ ਅਤੇ ਕਿਰਤੀ ਕਿਸਾਨ। ਦੁਨੀਆ ਨੂੰ ਨਰਕੋਂ ਸਵਰਗ ਬਣਾਉਣ ਵਾਲੇ ਤੁਸੀਂ ਹੀ ਹੋ। ਆਪਣਾ ਆਪ ਪਹਿਚਾਣੋ। ਅਮੀਰਾਂ ਦੇ ਲੰਗਰਾਂ ਤੋਂ ਜੂਠੇ ਟੁਕੜੇ ਨਾ ਖਾਓ। ਦਾਤੇ ਤਾਂ ਤੁਸੀਂ ਹੋ, ਜੋ ਦੁਨੀਆ ਦੇ ਜੀਵਾਂ ਨੂੰ ਅਨਾਜ, ਕੱਪੜੇ ਅਤੇ ਰਹਿਣ ਲਈ ਮਕਾਨ ਬਣਾ ਕੇ ਦਿੰਦੇ ਹੋ। ਇਹ ਕਿਹੜੇ ਹਨ, ਜਿਹੜੇ ਅਮੀਰ ਕਹਾਉਂਦੇ ਹਨ, ਪਰ ਤੁਹਾਡੀ ਜਹਾਲਤ ਤੇ ਅਣਗਿਹਲੀ ਕਰਕੇ ਤੁਹਾਡੇ ਅੰਨ ਦਾਤੇ ਬਣ ਬੈਠੇ ਹਨ। ਤੁਹਾਡੀ ਗਰੀਬੀ ਨੂੰ ਕੋਈ ਖ਼ੁਦਾ ਜਾਂ ਇਹ ਲੋਕ ਦੂਰ ਨਹੀਂ ਕਰਨਗੇ। ਇਸ ਗ਼ਰੀਬੀ ਦੇ ਜਾਲ ਨੂੰ ਤਾਂ ਤੁਸੀਂ ਆਪ ਹੀ ਤੋੜ ਸਕਦੇ ਹੋ। ਹਾਂ, ਇਹ ਜਾਲ ਟੁੱਟੇਗਾ ਤਾਂ ਜੇ ਤੁਸੀਂ ਉਹਨਾਂ ਕਬੂਤਰਾਂ ਵਾਂਗ ਜਿਹੜੇ ਸ਼ਿਕਾਰੀ ਦੇ ਜਾਲ ਵਿੱਚ ਇਕੱਠੇ ਡਾਰ ਦੀ ਡਾਰ ਫਸ ਗਏ ਸਨ ਅਤੇ ਬਚਣ ਦੀ ਉਮੀਦ ਛੱਡ ਚੁੱਕੇ ਸਨ, ਪਰ ਆਪਸ ਵਿੱਚ ਸੋਚ ਕੇ ਉਹਨਾਂ ਨੇ ਇਕੱਠੇ ਇੱਕਦਮ ਜ਼ੋਰ ਲਾ ਕੇ ਉੱਡ ਜਾਣ ਦਾ ਫੈਸਲਾ ਕੀਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਇਕੱਠੀ ਤਾਕਤ ਦੇ ਜ਼ੋਰ ਨਾਲ ਜਾਲ ਦੀਆਂ ਕਿੱਲੀਆਂ ਉਖੜ ਗਈਆਂ ਅਤੇ ਉਹ ਜਾਲ ਸਮੇਤ ਬਚ ਕੇ ਉੱਡ ਗਏ।

ਐ ਗ਼ਰੀਬਾਂ ਨੂੰ ਗੁਲਾਮ ਰੱਖਣ ਵਾਲਿਓ! ਇਹ ਚੰਗੀ ਤਰ੍ਹਾਂ ਸਮਝ ਲਵੋ ਕਿ ਇਹ ਕਾਫ਼ਲਾ ਉਸ ਵਕਤ ਤੱਕ ਨਹੀਂ ਰੁਕੇਗਾ, ਜਦ ਤੱਕ ਕਿ ਦੁਨੀਆ ਵਿੱਚ ਗ਼ਰੀਬੀ ਖ਼ਤਮ ਨਹੀਂ ਕਰ ਲਵੇਗਾ। ਹੁਣ ਦੁਨੀਆ ਦੀ ਦੁਖੀ ਜਨਤਾ ਜਾਗ ਪਈ ਹੈ ਅਤੇ ਏਕਤਾ ਦੇ ਬਲ ਨਾਲ ਗ਼ੁਲਾਮੀ ਤੇ ਗ਼ਰੀਬੀ ਦੀਆਂ ਜ਼ੰਜੀਰਾਂ ਤੋੜਿਆਂ ਬਗ਼ੈਰ ਨਹੀਂ ਠਹਿਰ ਸਕਦੀ।

ਜੈ ਜਨਤਾ।"

- ਗੁਰਮੀਤ

ਫ਼ਰਵਰੀ ਗ਼ਦਰ ਤੋਂ ਅਕਤੂਬਰ ਇਨਕਲਾਬ ਤੱਕ

ਪ੍ਰਿੰਸੀਪਲ ਗਿਆਨ ਸਿੰਘ ਦੁਸਾਂਝ

ਇਹ ਠੀਕ ਤੱਥ ਹਨ ਕਿ 1915 ਦੀ 21 ਫ਼ਰਵਰੀ ਨੂੰ ਕਰਮਇਆਂ ਅਤੇ ਫਿਰ 19 ਫ਼ਰਵਰੀ ਨੂੰ ਹੀ ਕਰਨ ਵਾਲਾ ਹਿੰਦੁਸਤਾਨੀ ਗ਼ਦਰੀ ਗ਼ਦਰ ਨੇਪਰੇ ਨਾ ਚੜ੍ਹ ਸਕਿਆ ਅਤੇ 7 ਨਵੰਬਰ 1917 ਨੂੰ ਰੂਸੀ ਇਨਕਲਾਬ ਰੂਪੀ ਚੜ੍ਹਿਆ ਲਾਲ ਸਿਤਾਰਾ ਵੀ ਪੂਰੇ ਚੌਹੱਤਰ ਸਾਲ ਮਘਦਾ, ਦਗਦਾ ਆਖਰ 1991 ਵਿੱਚ ਅਲੋਪ ਹੋ ਗਿਆ, ਪਰ ਹਿੰਦੁਸਤਾਨ ਗ਼ਦਰ ਪਾਰਟੀ ਦੇ ਫ਼ਰਵਰੀ ਗ਼ਦਰ ਵੱਲੋਂ ਪ੍ਰਜਵੱਲਿਤ ਸ਼ਮ੍ਹਾਂ ਅੰਗਰੇਜ਼ ਸਾਮਰਾਜੀ ਸਰਕਾਰ ਵੱਲੋਂ 1947 ਵਿੱਚ ਬੋਰੀਆ ਬਿਸਤਰਾ ਵਲੇਟਣ ਤੱਕ ਉਸ ਨੂੰ ਭੈਅ-ਭੀਤ ਕਰਦੀ ਰਹੀ ਅਤੇ ਰੂਸ ਦਾ ਅਦੁੱਤੀ ਲਾਲ ਸਿਤਾਰਾ ਜਿਥੇ ਸੰਸਾਰ ਭਰ ਦੇ ਸਾਮਰਾਜੀਆਂ ਵਾਸਤੇ ਡਰ-ਭੌ ਸਰੋਤ ਰਿਹਾ, ਉਥੇ ਇਹ ਸਾਮਰਾਜ ਵਿਰੋਧੀਆਂ ਲਈ ਵੱਡਾ ਪ੍ਰੇਰਨਾ-ਸਰੋਤ ਰਿਹਾ। ਬਿਨਾਂ ਸ਼ੱਕ 1991 ਵਿੱਚ ਗੋਰਬਾਚੇਵ ਵਰਗੇ ਸੋਵੀਅਤ ਲੀਡਰਾਂ ਦੀਆਂ ਗਲਤ ਨੀਤੀਆਂ ਕਰਕੇ ਰੂਸੀ ਇਨਕਲਾਬ ਫੇਲ੍ਹ ਹੋਇਆ ਸੀ, ਮਾਰਕਸਵਾਦ ਫੇਲ੍ਹ ਨਹੀਂ ਹੋਇਆ ਸੀ। ਇਸ ਦੀ ਸੰਚਾਲਕ ਮਾਰਕਸਵਾਦੀ ਵਿਚਾਰਧਾਰਾ ਅੱਜ ਤੱਕ ਵੀ ਪ੍ਰਸੰਗਿਕ ਹੈ ਅਤੇ ਅੱਗੇ ਵੀ ਇਸੇ ਤਰ੍ਹਾਂ ਰਹੇਗੀ।

ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਵਿੱਚ ਕਿਰਤ, ਕਮਾਈ ਕਰਨ ਗਏ ਭਾਰਤੀਆਂ ਨੇ ਅਪਮਾਨਜਨਕ ਹਾਲਾਤ ਤੋਂ ਅੱਕ ਕੇ ਅਖਵਾ 'ਤੰਗ ਆਮਦ ਵਾ ਜੰਗ ਆਮਦ' ਦੇ ਕਥਨ ਅਨੁਸਾਰ ਸੰਘਰਸ਼ੀ ਜਥੇਬੰਦੀ ਉਸਾਰਨ ਵਾਸਤੇ ਅਤੇ 1913 ਦੇ ਪਹਿਲੇ ਅੱਧ ਵਿੱਚ ਮੀਟਿੰਗਾਂ ਕਰਕੇ ਕੇਂਦਰੀ ਜਥੇਬੰਦੀ ਦੀ ਸਥਾਪਨਾ ਲਈ ਡੈਲੀਗੇਟ ਚੁਣਨੇ ਆਰੰਭ ਕਰ ਦਿੱਤੇ ਸਨ। "ਡੈਲੀਗੇਟਾਂ ਦੀ ਮੀਟਿੰਗ ਐਸਟੋਰੀਆ ਵਿਖੇ 21 ਅਪ੍ਰੈਲ, 1913 ਨੂੰ ਹੋਈ, ਸਭਨਾਂ ਦੀ ਤਸੱਲੀ

29-Oct-Sunday.qxd 10/28/2023 8:30 PM Page 3

ਗ਼ਦਰੀ ਬਾਬਿਆਂ ਦੀ ਵਿਰਾਸਤ ਅਤੇ ਵਰਤਮਾਨ ਚੁਣੌਤੀਆਂ ਨੂੰ ਸਮਰਪਿਤ 32ਵੇਂ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਪੇਸ਼ ਹੋ ਰਿਹਾ ਓਪੇਰਾ

ਰਚਨਾ : ਅਮੋਲਕ ਸਿੰਘ, ਨਿਰਦੇਸ਼ਕ : ਕੇਵਲ ਧਾਲੀਵਾਲ, ਸੰਗੀਤ : ਹਰਿੰਦਰ ਸੋਹਲ

ਝਾਕੀ: ਪਹਿਲੀ

(ਜਾਗੋ! ਮੇਲੇ ਆਉਣ ਦਾ ਦ੍ਰਿਸ਼। ਪੰਡਾਲ ਦੀ ਬੈਕ ਸਾਈਡ ਵੱਲੋਂ ਮੱਧ-ਮਾਰਗ ਵਿਚੀਂ, ਲੋਕ-ਗੀਤ ਗਾਉਂਦੇ ਆ ਰਹੇ ਕਾਫ਼ਲੇ ਦਾ ਪ੍ਰਭਾਵ ਲੋਕ-ਗੀਤ ਦੀ ਲੈਅ 'ਚ)

ਆ ਜਾ ਚੱਲੀਏ
ਆ ਜਾ ਚੱਲੀਏ
ਸਹੇਲੀਏ ਜਲੰਧਰ ਨੂੰ
ਕਦੇ ਭੁੱਲੋਂਗੀ
ਕਦੇ ਭੁੱਲੋਂਗੀ ਨਾ
ਪਹਿਲੀ ਤੂੰ ਨਵੰਬਰ ਨੂੰ
ਨਹੀਓਂ ਭੁੱਲੋਂਗੀ
ਨਹੀਓਂ ਭੁੱਲੋਂਗੀ
ਤੂੰ ਪਹਿਲੀ ਨੀ ਨਵੰਬਰ ਨੂੰ

ਸਾਲ ਨਿੱਕਾ ਹੋਇਆ
ਸਾਲ ਨਿੱਕਾ ਹੋਇਆ
ਝੱਟ ਹੀ ਨਵੰਬਰ ਆ ਗਿਆ
ਵਾਟਾਂ ਲੰਮੀਆਂ
ਵਾਟਾਂ ਲੰਮੀਆਂ ਤੇ
ਝੱਟ ਹੀ ਜਲੰਧਰ ਆ ਗਿਆ
ਵਾਟਾਂ ਲੰਮੀਆਂ

ਏਥੇ ਮੇਲਾ ਲੱਗਾ
ਏਥੇ ਮੇਲਾ ਲੱਗਾ
ਗ਼ਦਰੀ ਨੀ ਬਾਬਿਆਂ ਦਾ
ਬਰਕਤ ਉੱਲਾ ਦਾ
ਬਰਕਤ ਉੱਲਾ ਦਾ ਤੇ
ਭਗਤ-ਸਰਾਭਿਆਂ ਦਾ
ਏਥੇ ਮੇਲਾ ਲੱਗਾ
ਏਥੇ ਮੇਲਾ ਲੱਗਾ
ਗ਼ਦਰੀ ਨੀ ਬਾਬਿਆਂ ਦਾ
ਏਥੇ ਮੇਲਾ ਲੱਗਾ

ਆ ਜਾ ਮਿਲ਼ ਲੈ
ਆ ਜਾ ਮਿਲ਼ ਲੈ
ਸਹੇਲੀਏ ਗੁਲਾਬ ਕੌਰ ਨੂੰ
ਆ ਜਾ ਲੱਭੀਏ
ਆ ਜਾ ਲੱਭੀਏ
ਨੀ ਵੰਡੀ ਗਈ
ਪੰਜਾਬ ਕੌਰ ਨੂੰ
ਆ ਜਾ ਲੱਭੀਏ

ਜਿਹਨਾਂ ਵਾਰੀਆਂ
ਜਿਹਨਾਂ ਵਾਰੀਆਂ ਨੇ
ਜਿੰਦਾਂ ਪ੍ਰਣਾਮ ਕਰੀਏ
ਆ ਜਾ ਗ਼ਦਰਾਂ ਦੇ
ਆ ਜਾ ਗ਼ਦਰਾਂ ਦੇ
ਝੰਡੇ ਨੂੰ ਸਲਾਮ ਕਰੀਏ

(ਝਾਕੀ: ਦੂਜੀ)

ਗ਼ਦਰ ਦੇ ਝੰਡੇ ਨੂੰ ਸਲਾਮੀ ਦੇਣ ਲਈ ਸਾਰਾ ਪੰਡਾਲ ਦੋ ਪਲ ਲਈ ਉੱਠ ਖੜ੍ਹਾ ਹੋਇਆ ਹੈ। ਸਾਰਾ ਪੰਡਾਲ ਆਖਰੀ ਸਤਰਾਂ ਨਾਲ਼ ਬੋਲਦਾ ਹੈ

ਗ਼ਦਰ ਦਾ ਇਹ ਜੋ ਝੰਡਾ ਹੈ
ਵਿਰਾਸਤ ਦਾ ਇਹ ਝੰਡਾ ਹੈ
ਇਹ ਝੰਡਾ ਜਾਨ ਹੈ ਸਾਡੀ
ਇਹ ਝੰਡਾ ਸ਼ਾਨ ਹੈ ਸਾਡੀ
ਅਸਾਡਾ ਸਾਹ ਵੀ ਝੰਡਾ ਹੈ
ਅਸਾਡਾ ਰਾਹ ਵੀ ਝੰਡਾ ਹੈ
ਗ਼ਦਰ ਦਾ ਇਹ ਜੋ ਝੰਡਾ ਹੈ
ਵਿਰਾਸਤ ਦਾ ਇਹ ਝੰਡਾ ਹੈ

ਇਹ ਝੰਡਾ ਕਦੇ ਨਾ ਭੁੱਲੇਗਾ
ਅੰਬਰ ਤੋਂ ਉੱਚਿਆਂ ਝੁੱਲੇਗਾ
ਇਹ ਸਾਂਝੇ ਲਹੂ 'ਚ ਰੰਗਾ ਹੈ
ਗ਼ਦਰ ਦਾ ਇਹ ਜੋ ਝੰਡਾ ਹੈ
ਆਜ਼ਾਦੀ ਤੇ ਬਰਾਬਰਤਾ
ਤੇ ਸਾਂਝੀਵਾਲਤਾ ਸੁਪਨਾ
ਲੰਮੇਰੀ ਵਾਟ ਟੇਢੀ ਹੈ
ਬਿਨਾਂ ਮੰਜ਼ਲਾਂ ਦੇ ਨਹੀਂ ਰੁਕਣਾ
ਧਰਮ-ਨਿਰਪੱਖਤਾ ਦੇ ਬਾਗਾਂ ਦੀ
ਇਹ ਖਿੜਦੀ ਸ਼ਾਨ ਝੰਡਾ ਹੈ
ਗ਼ਦਰ ਦਾ ਏਹ ਜੋ ਝੰਡਾ ਹੈ
ਵਿਰਾਸਤ ਦਾ ਏਹ ਝੰਡਾ ਹੈ

(ਝਾਕੀ: ਤੀਜੀ)

ਸਾਡੇ ਝੰਡਿਆ
ਗ਼ਦਰ ਦੇ ਝੰਡਿਆ
ਵੇ ਤੈਥੋਂ ਰਾਜ ਭਾਗ ਕੰਬਿਆ

ਦੇਸੀ ਤੇ ਬਦੇਸ਼ੀ
ਰਲ਼ ਬਾਜ਼ੀ ਮਾਰ ਗਏ
ਗੋਲ਼ੀਆਂ ਦੇ ਨਾਲ਼
ਤੇਰਾ ਸੀਨਾ ਠਾਰ ਗਏ
ਵੇ ਤੂੰ ਗਿਆ ਨਾ ਮਿਟਾਇਆ
ਹੋਇਆ ਦੂਣ ਤੇ ਸਵਾਇਆ
ਰਿਹਾ ਸਫ਼ਰਾਂ ਤੇ ਸਦਾ ਜਿਉਣ ਜੋਗਿਆ
ਤੂੰ ਪਲ ਵੀ ਨਾ ਕਦੇ ਹੰਭਿਆ
ਵੇ ਤੈਥੋਂ ਰਾਜ ਭਾਗ ਕੰਬਿਆ

ਸੋਹਣ ਸਿੰਘ ਭਕਨਾ,
ਵਿਸਾਖਾ ਸਿੰਘ ਮਾਣ
ਗ਼ਦਰੀ ਗੁਲਾਬ ਕੌਰ
ਝੰਡੇ ਦੀ ਏ ਸ਼ਾਨ
ਰਿਹਾ ਝੁੱਲਦਾ ਮਟਕ ਨਾਲ ਸੋਹਣਿਆ
ਵੇ! ਜਿੱਧਰੋਂ ਦੀ ਤੂੰ ਏਂ ਲੰਘਿਆ
ਵੇ ਤੈਥੋਂ ਰਾਜ ਭਾਗ ਕੰਬਿਆ
ਵੇ ਤੈਥੋਂ ਰਾਜ ਭਾਗ ਕੰਬਿਆ
-0-

(ਝਾਕੀ: ਚੌਥੀ)

ਗ਼ਦਰ ਲਹਿਰ ਦੀਆਂ ਚਿਣਗਾਂ ਫੁੱਟੀਆਂ
ਚਿਣਗਾਂ ਦੀ ਚੰਗਿਆੜੀ ਏ
ਗ਼ਦਰ ਗ਼ਦਰ ਦਾ ਹੋਕਾ ਗੂੰਜੇ
ਸੁੱਤੀ ਅੱਖ ਉਘਾੜੀ ਏ

ਵਿਚ ਪ੍ਰਦੇਸ਼ਾਂ ਰੁਲ਼ਦੀ ਪੱਤ ਨੂੰ
ਪੈ ਗਈ 'ਵਾਜ਼ ਵੰਗਾਰਾਂ ਦੀ
ਉੱਠੋ! ਸ਼ੇਰੋ ਗ਼ਦਰ ਛੇੜੀਏ
ਬਣ ਗਈ ਲੋੜ ਜੁਝਾਰਾਂ ਦੀ

ਕੁੱਤੇ ਜਿੰਨੀ ਕਦਰ ਨਾ ਏਥੇ
ਰੁਲ਼ਦੇ ਵਿਚ ਪਰਦੇਸਾਂ ਦੇ
ਸਾਮਰਾਜ ਤੇ ਟੁੱਕੜ ਬੋਚਾਂ
ਲੁੱਟ ਲਏ ਲੋਕੀ ਦੇਸਾਂ ਦੇ

ਜਿੱਥੇ ਵੀ ਹੈ ਵਸਦਾ ਗ਼ਦਰੀ
ਆ ਜਾਓ ਵਿੱਚ ਮੈਦਾਨਾਂ ਦੇ
ਮਾਰੋ ਸੱਟ ਕਰਾਰੀ ਢਾਅ ਦਿਓ
ਸ਼ਾਹੀ ਕਿਲ੍ਹੇ ਸ਼ੈਤਾਨਾਂ ਦੇ

(ਝਾਕੀ: ਪੰਜਵੀਂ)

ਦੇਸੀ ਅਤੇ ਬਦੇਸ਼ੀ ਸ਼ਾਹਾਂ ਦੇ ਕਿਲ੍ਹੇ ਢਾਉਣ ਲਈ ਦੇਸ਼ ਭਗਤਾਂ ਨੇ ਕੀ ਨਹੀਂ ਕੀਤਾ। ਛਾਉਣੀਆਂ 'ਚ ਬਗ਼ਾਵਤਾਂ ਹੋਈਆਂ। ਗ਼ਦਰ ਪਾਰਟੀ ਦੇ ਝੰਡੇ, ਫੌਜੀ ਛਾਉਣੀਆਂ 'ਚ ਚਾੜ੍ਹ ਦਿੱਤੇ। ਖ਼ਤਰੇ ਦੇ ਘੁੱਗੂ ਵੱਜ ਗਏ। ਗ੍ਰਿਫ਼ਤਾਰੀਆਂ, ਜੇਲ੍ਹਾਂ, ਕਾਲੇ ਪਾਣੀ, ਗੋਲੀਆਂ, ਫਾਂਸੀਆਂ ਦੇ ਝੱਖੜ ਝੁੱਲੇ।

ਸਿੰਘਾਪੁਰ ਦੀ ਛਾਉਣੀ ਦੇ ਵਿੱਚ ਹੋਈਆਂ
ਮੁਸਲਮਾਨ ਜੋ ਫੌਜੀ ਬਗ਼ਾਵਤਾਂ ਜੀ
ਗੋਰਾਸ਼ਾਹੀ ਨੂੰ ਕੰਬਣੀ ਛੇੜ ਦਿੱਤੀ
ਪੜ੍ਹਕੇ ਦੇਖ ਲਓ ਸਭੇ ਇਬਾਰਤਾਂ ਜੀ

ਫੌਜੀ ਕਿਲ੍ਹੇ ਦੀ ਕੰਧ ਦੇ ਨਾਲ ਲਾ ਕੇ
ਇੱਕ ਇੱਕ ਨੂੰ ਮਾਰੀਆਂ ਗੋਲ਼ੀਆਂ ਸੀ
ਕੋਈ ਜੰਮੇ ਨਾ ਗੀਤ ਬਗ਼ਾਵਤਾਂ ਦਾ
ਵੈਰੀ ਖੇਡੀਆਂ ਖ਼ੂਨ ਦੀਆਂ ਹੋਲੀਆਂ ਸੀ

ਐਵੇਂ ਤੋੜ-ਮਰੋੜ ਨਾ ਬੇਸ਼ਰਮਾ
ਸਾਂਝੀ ਧਰਤੀ ਦਾ ਸਾਂਝਾ ਇਤਿਹਾਸ ਹੈ ਇਹ
ਕੰਧਾਂ, ਗੋਲ਼ੀਆਂ, ਫਾਂਸੀਆਂ ਬੋਲ ਰਹੀਆਂ
ਮੁਸਲਮਾਨਾਂ ਦੇ ਲਹੂ ਦੀ ਬਾਤ ਹੈ ਇਹ

ਜਦੋਂ ਬੋਲਦੇ ਨੇ, ਜ਼ਹਿਰਾਂ ਘੋਲ਼ਦੇ ਨੇ
ਕਹਿੰਦੇ ਕੁੱਟੋ, ਲੁੱਟੋ ਤੇ ਕਬਰਸਤਾਨ ਭੇਜੋ
ਗੋਲੀ ਮਾਰੋ ਤੇ ਟੱਕਰੋ ਬਣ ਜੀਜੇ
ਕੱਢੋ ਬਾਹਰ ਦੇਸੋਂ ਤੇ ਪਾਕਿਸਤਾਨ ਭੇਜੋ

ਕੱਠੇ ਜੀਆਂਗੇ ਮਰਾਂਗੇ ਲਾਹੌਰ ਦੀ ਸਹੁੰ
ਬਾਬੇ ਬੁੱਲੇ, ਨਨਕਾਣੇ ਤੇ ਪਿਸ਼ੌਰ ਦੀ ਸਹੁੰ
ਸਹੁੰ ਜਲ੍ਹਿਆਂਵਾਲੜੇ ਬਾਗ਼ ਦੀ ਏ
ਸਹੁੰ ਜਿਹਲਮ, ਸਤਲੁਜ, ਬਿਆਸ ਦੀ ਏ
ਸਹੁੰ ਰਾਵੀ ਦੀ ਸਹੁੰ ਝਨਾਬ ਦੀ ਏ

(ਝਾਕੀ: ਛੇਵੀਂ)

ਸਦੀਆਂ ਦੀਆਂ ਬਗ਼ਾਵਤਾਂ, ਸੂਰਮਿਆਂ ਦੀਆਂ ਸ਼ਹਾਦਤਾਂ ਉਪਰ ਨਵੇਂ ਰੰਗ ਰੋਗਨ ਕਰਕੇ, ਪੁਰਾਣੇ ਤਖ਼ਤ ਡਾਹ ਲਏ। ਹਿੰਦੂ, ਸਿੱਖ, ਮੁਸਲਮਾਨਾਂ ਦੇ ਸਾਂਝੇ ਲਹੂ ਨਾਲ ਸਿੰਜੀ ਜਲ੍ਹਿਆਂਵਾਲਾ ਬਾਗ਼, ਛਾਉਣੀਆਂ, ਨਹਿਰਾਂ ਅਤੇ ਦਰਿਆਵਾਂ ਦੀ ਧਰਤੀ ਖ਼ਾਮੋਸ਼ ਕਿਵੇਂ ਰਹਿ ਸਕਦੀ ਸੀ। ਬਦੇਸ਼ੀਆਂ ਨਾਲ ਜਾਮ ਛਲਕਾਉਂਦੇ ਹਾਕਮਾਂ ਨੇ ਜਦੋਂ ਜਹਾਜ਼ੀਆਂ ਦੀ ਬਗ਼ਾਵਤ ਨੂੰ ਡਾਕੂ ਆਖਿਆ ਤਾਂ ਲੋਕਾਂ ਦੇ ਭੁੱਲ੍ਹੇ ਖ਼ੂਨ ਨੇ ਸੁਆਲ ਕੀਤੇ ਕਿ ਬਾਗ਼ੀ ਅਤੇ ਦੇਸ਼-ਭਗਤ ਭਲਾ ਗੁੰਡੇ ਕਿਵੇਂ ਹੋ ਸਕਦੇ ਨੇ। ਉਨ੍ਹਾਂ ਐਲਾਨ ਕੀਤੇ ਕਿ ਉਹ ਆਪਣੀ ਮੁਕਤੀ ਦੀ ਮੰਜ਼ਲ ਲਈ ਜੱਦੋ-ਜਹਿਦ ਜਾਰੀ ਰੱਖਣਗੇ:

ਐ ਰਹਿਬਰੇ ਮੁਲਕੋ ਕੌਮ ਜ਼ਰਾ
ਆਂਖੇਂ ਤੋ ਉਠਾ ਨਜ਼ਰੋਂ ਤੋ ਮਿਲਾ
ਕੁਛ ਹਮ ਭੀ ਸੁਨੇ ਹਮ ਕੋ ਭੀ ਬਿਤਾ
ਯੇ ਕਿਸਕਾ ਲਹੂ ਹੈ ਕੌਨ ਮਰਾ ?
ਕਿਆ ਕੌਮ-ਓ-ਵਤਨ ਕੀ ਜੈ ਨਾ ਕਰ
ਮਰਤੇ ਹੂਏ ਰਾਹੀ ਗੁੰਡੇ ਥੇ ?
ਜੋ ਦੇਸ਼ ਕਾ ਪਰਚਮ ਲੇ ਕੇ ਉਠੇ
ਵੋ ਸੋਖ਼ ਸਿਪਾਹੀ ਗੁੰਡੇ ਥੇ ?
ਜੋ ਬਾਰੇ-ਗ਼ੁਲਾਮੀ ਸਹਿ ਨਾ ਸਕੇ
ਵੋ ਮੁਜਰਮੇ ਸ਼ਾਹੀ ਗੁੰਡੇ ਥੇ ?
ਯੇ ਕਿਸਕਾ ਲਹੂ ਹੈ ਕੌਨ ਮਰਾ ?
ਹਮ ਠਾਨ ਚੁਕੇ ਹੈਂ ਅਬ ਜੀ ਮੇਂ
ਹਮ ਜ਼ਾਲਮ ਸੇ ਟਕਰਾਏਂਗੇ
ਤੁਮ ਸਮਝੌਤੇ ਕੀ ਬਾਤ ਕਰੋ
ਹਮ ਆਗੇ ਬੜਤੇ ਜਾਏਂਗੇ
ਹਰ ਮੰਜ਼ਲ ਆਜ਼ਾਦੀ ਕੀ ਕਸਮ
ਹਰ ਮੰਜ਼ਲ ਪੇ ਦੁਹਰਾਏਂਗੇ
ਯੇ ਕਿਸਕਾ ਲਹੂ ਹੈ ਕੌਨ ਮਰਾ ?
—ਸਾਹਿਰ ਲੁਧਿਆਣਵੀ

(ਝਾਕੀ: ਸੱਤਵੀਂ)

1947-48 ਤੋਂ ਸਫ਼ਰ ਕਰਦੇ ਆਉਂਦਿਆਂ, ਗ਼ਦਰੀ ਬਾਬਿਆਂ ਦੇ 32ਵੇਂ ਮੇਲੇ 'ਤੇ ਇਉਂ ਸੁਆਲ ਕਰਨ ਦੀ ਲੋੜ ਹੋਰ ਵੀ ਤਿੱਖੀ ਹੋ ਗਈ ਏ। ਮਾਂ ਧਰਤੀ ਸਾਡੇ ਸਮਿਆਂ 'ਚ ਦਰਦ-ਭਿੱਜੇ ਸੁਆਲ ਕਰ ਰਹੀ ਹੈ:

ਮਾਂ ਧਰਤੀ ਪੁੱਛਦੀ ਏ
ਜੀਹਦੀ ਰਗ ਰਗ ਦੁਖ਼ਦੀ ਏ
ਮੇਰਾ ਸਭ ਕੁਝ ਵੇਚ ਦਿੱਤਾ
ਧਰ ਗਹਿਣੇ ਦੇਸ਼ ਦਿੱਤਾ

ਏਹ ਨਾਗ਼ ਦਮੂੰਹਾਂ ਏ
ਲੰਘ ਆਇਆ ਜੂਹਾਂ ਏ
ਆ ਵੜਿਆ ਵਿਹੜੇ ਵੇ
ਚੁੱਕੋ ਸੰਦ ਸੰਦੇੜੇ ਵੇ

ਮੈਂ ਲੁੱਟ ਲਈ ਲੋਕੋ ਵੇ
ਰਲ਼ ਹਮਲੇ ਰੋਕੋ ਵੇ
ਬਚ ਨਾਗ਼ ਤੋਂ ਰਹਿਣਾ ਏਂ
ਸਿਰ ਕੁੱਟਣਾ ਪੈਣਾ ਏ
-0-

(ਝਾਕੀ: ਅੱਠਵੀਂ)

ਅੱਜ ਕੱਲ੍ਹ ਵਿਯੋਗ 'ਚ ਬਦਲੇ ਲੋਕ ਗੀਤ। ਉਦਾਸ ਪੌਣਾਂ, ਸੋਗ ਲੱਦੀਆਂ ਕੰਧਾਂ ਦੇ ਗਲ ਲੱਗ ਕੇ ਧਾਹਾਂ ਮਾਰਦੀਆਂ। ਜਿੱਥੋਂ ਆਏ ਗ਼ਦਰੀ ਬਾਬੇ। ਬਰਕਤ ਉੱਲਾ, ਗੁਲਾਬ ਕੌਰ ਤੇ ਸਰਾਭੇ। ਓਥੋਂ ਮੁੜ ਗ਼ਦਰ ਦੇ ਗੀਤਾਂ ਦੀ ਆਵਾਜ਼ ਕਦੋਂ ਸੁਣੇਗੀ। ਅਜੇ ਤਾਂ ਸਿਰਾਂ 'ਤੇ ਕੂਕਦੀ ਹੈ; ਇਹਨਾਂ ਵੈਣਾਂ ਦੀ ਰੁੱਤ, ਸਿੱਲੀ-ਸਿੱਲੀ ਹਵਾ ਅਤੇ ਸਮੁੰਦਰਾਂ ਦੀਆਂ ਲਹਿਰਾਂ ਦੀ ਸਰਸਰਾਹਟ। ਮਾਂਵਾਂ ਦੀ ਵੇਦਨਾ, ਭੈਣਾਂ ਦੀ ਵੇਦਨਾ।

ਏਥੇ ਚੰਦਰੀ ਵੇ ਵਗਦੀ ਹਵਾ ਏ
ਇਹ ਵੱਢ ਵੱਢ ਖਾਏ
ਵੇ! ਜਾਹ ਵੇ ਪੁੱਤਾ
ਬਾਹਰ ਹੀ ਜਾਹ

ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ
ਮੈਂ ਸ਼ਗਨ ਮਨਾਏ
ਨੀ ਪੁੱਤ ਪ੍ਰਦੇਸ ਗਿਆ

ਗਿਆ ਪੁੱਤ ਨੀ ਸਮੁੰਦਰੋਂ ਪਾਰ
ਤੇ ਦਿਨ ਹੋਏ ਚਾਰ
ਨੀ ਭੈਣੇ ਮੇਰਾ ਪੁੱਤ ਨਾ ਰਿਹਾ

ਧੀਆਂ ਪੁੱਤਰਾਂ ਤੋਂ
ਪਿੰਡ ਹੋਏ ਖਾਲੀ
ਨੀ ਕਾਲ਼ੀ ਹੋਈ ਦੀਵਾਲੀ
ਨੈਣਾਂ ਦੇ ਦੀਵੇ ਬੁਝ ਨੀ ਗਏ!

(ਭੈਣਾਂ ਦੀ ਅਰਜੋਈ)
ਅੰਮਾਂ ਜਾਇਓ
ਵੇ ਘਰ ਮੁੜ ਆਇਓ
ਮੰਨ ਲਓ ਵੇ
ਭੈਣਾਂ ਦਾ ਕਿਹਾ

ਮੈਂ ਗਾਉਂਦੀ ਰਹੀ
ਨੀ ਬਾਬਲ ਦੇਸਾਂ ਦਾ ਰਾਜਾ
ਬਾਬਲ ਦਾ ਪੁੱਤ ਹੋਇਆ
ਮੱਛੀਆਂ ਦਾ ਖ਼ਾਜਾ
ਵੇ ਵੀਰਾ! ਕਿਹੜੇ ਦੇਸ਼ ਗਿਆ!

ਭਗਤ ਸਿੰਘ ਦੀ ਤੂੰ
ਗਾਉਂਦਾ ਸੀ ਘੋੜੀ
ਦੀਵਾਲੀ ਤੇ ਲੋਹੜੀ
ਤੂੰ ਵੀਰਾ! ਕਿਹੜੇ ਦੇਸ਼ ਗਿਆ!!

(ਝਾਕੀ: ਨੌਵੀਂ)

(ਬੁੱਧੀਜੀਵੀ ਕਲਮਕਾਰ, ਰੰਗ ਕਰਮੀ ਦੇ ਪ੍ਰਭਾਵ ਦਾ ਪ੍ਰਵੇਸ਼, ਉਹਦੇ ਬੋਲ)

ਨਾ ਰੋ ਮਾਏ
ਨਾ ਭੈਣੇ ਮੇਰੀਏ ਨੀ
ਦੁੱਖ ਤੇਰਾ ਨਹੀਂ
ਕੁੱਲ ਸੰਸਾਰ ਦਾ ਏ
ਅੱਜ ਦੇਸ਼-ਬਦੇਸ਼ ਦਾ ਮਲਕ ਭਾਗੋ
ਭਾਈ ਲਾਲੋਆਂ ਨੂੰ ਠੁੱਡੜੇ ਮਾਰਦਾ ਏ

ਸਾਨੂੰ ਦੇਸ਼ ਧੱਕੇ
ਪਰਦੇਸ ਧੱਫ਼ੇ
ਕਲਮਾਂ ਵਾਲੜੇ ਜੇਲ੍ਹੀਂ ਨੇ ਤਾੜ ਦਿੱਤੇ
ਅਡਾਨੀ ਆਬਾਨੀ ਤੇ ਟਾਟੇ ਬਾਟੇ
ਸਾਡੀ ਹਿੱਕ 'ਤੇ ਅੰਮੀਏਂ ਚਾੜ੍ਹ ਦਿੱਤੇ

ਕਰਕੇ ਧੀਆਂ ਨੰਗਿਆਂ ਸੜਕ ਉੱਤੇ
ਪੱਤ ਲੁੱਟਦੇ, ਕੁੱਟਦੇ ਮਾਰ ਦਿੰਦੇ
ਸਾਡਾ ਨੰਗ ਵੀ ਦੇਖਿਆ ਜੱਗ ਨੇ ਹੈ
ਅਸੀਂ ਬਾਲ਼ ਮੋਮਬੱਤੀਆਂ ਸਾਰ ਦਿੰਦੇ

ਪਹਿਲਵਾਨ ਧੀਆਂ ਦੀ ਪੱਤ ਲੁੱਟੀ
ਉੱਤੋਂ ਵਹਿਸ਼ੀ ਦਰਿੰਦੇ ਪਏ ਥੁੱਕਦੇ ਨੇ
ਜੈ ਮਾਤਾ ਦੀ ਨਾਲ਼ੇ ਬੇਸ਼ਰਮ ਕਹਿੰਦੇ
ਮਾਂ ਧਰਤ ਦੇ ਮੁੱਖ 'ਤੇ ਥੁੱਕਦੇ ਨੇ
ਕੁੱਲ ਦੁਨੀਆਂ ਦੇ ਕਾਮਿਓਂ ਇੱਕ ਹੋਵੋ!
ਸਾਂਝਾ ਕਾਜ਼ ਇਹ ਬਦਲੀਏ ਰਾਜ ਲੋਕੋ!
ਆਜ਼ਾਦੀ, ਬਰਾਬਰੀ, ਧਰਮ-ਨਿਰਪੱਖਤਾ ਦਾ
ਖਿੜਿਆ ਬਾਗ਼ ਜਿਉਂ ਹੋਏ ਸਮਾਜ ਲੋਕੋ!
-0-

(ਝਾਕੀ: ਦਸਵੀਂ)

(ਪੰਜਾਬ ਦੀ ਜੁਆਨੀ ਦਾ ਪਰਵਾਸ, ਗ਼ਦਰੀਆਂ ਦੀ ਧਰਤੀ 'ਤੇ ਇਹ ਕੀ ਹੋ ਰਿਹੈ। ਬਾਬੇ ਆਏ ਸੀ, ਜਿੱਥੋਂ ਸਮੇਂ ਦੀ ਤ੍ਰਾਸਦੀ ਹੈ ਕਿ ਉਥੇ ਨੂੰ ਜਹਾਜ਼ਾਂ ਦੇ ਜਹਾਜ਼ ਭਰ ਕੇ ਜਾ ਰਹੇ ਨੇ। ਓਥੇ ਲੋਹੜੇ ਦਾ ਦਰਦ ਹੰਢਾ ਰਹੇ ਨੇ।)

ਉੱਡੇ ਵਤਨਾਂ ਤੋਂ ਦੂਰ
ਉੱਡਾ ਚਿਹਰਿਆਂ ਦਾ ਨੂਰ
ਐਥੇ ਬਿੱਲਾਂ ਅਤੇ ਕਿਸ਼ਤਾਂ ਦਾ
ਗ਼ਮ ਖਾ ਗਿਆ
ਦੁੱਲਾ ਛੱਡ ਕੇ ਪੰਜਾਬ ਕਿਉਂ
ਕੈਨੇਡਾ ਆ ਗਿਆ

ਉੱਤੋਂ ਜਿਉਂਦੀ ਵਿੱਚੋਂ ਫ਼ਿਕਰਾਂ 'ਚ
ਮਾਂ ਮਰ ਗਈ
ਰੁੱਤ ਘਰਾਂ ਨੂੰ ਹੀ
ਮੜ੍ਹੀਆਂ ਮਸਾਣ ਕਰ ਗਈ
ਗ਼ਮ ਬਾਬਲੇ ਤੇ ਭੈਣਾਂ ਨੂੰ
ਗ੍ਰਹਿਣ ਲਾ ਗਿਆ
ਦੁੱਲਾ ਛੱਡ ਕੇ ਪੰਜਾਬ ਕਿਉਂ
ਕੈਨੇਡਾ ਆ ਗਿਆ

ਮਾਵਾਂ ਲੱਧੀਆਂ ਨੇ ਮੁੜ ਕੇ
ਨਗਾਰੇ ਕੱਢਣੇ
ਤੀਰ ਜ਼ਾਲਮਾਂ ਦੀ ਹਿੱਕ 'ਚ
ਦੁੱਲੇ ਦੇ ਵੱਜਣੇ
ਐਵੇਂ ਜ਼ਿੰਦਗੀ ਦੇ ਰਾਹਾਂ ਦਾ
ਭੁਲੇਖਾ ਖਾ ਗਿਆ
ਮਾਏ! ਅੱਜ ਨਹੀਂ ਤਾਂ ਕੱਲ੍ਹ
ਦੇਖੀਂ ਦੁੱਲਾ ਆ ਗਿਆ

(ਝਾਕੀ: ਗਿਆਰ੍ਹਵੀਂ)

ਜੜੇ ਘਰਾਂ ਨੂੰ
ਗੂੰਗੇ ਤਾਲ਼ੇ ਬੋਲਣਗੇ
ਉੱਜੜ ਗਏ ਪੰਜਾਬ ਦੀ
ਘੁੰਡੀ ਖੋਹਲਣਗੇ
ਇਉਂ ਗੱਭਰੂ ਤੇ ਮੁਟਿਆਰਾਂ
ਜ਼ਿੰਦ ਨਾ ਰੋਲਣਗੇ
ਮੁਕਤੀ ਦੇ ਲਈ
ਗ਼ਦਰ ਦੇ ਵਰਕੇ ਫੋਲਣਗੇ

ਏਕਲਵਿਆ ਦਾ ਗੂਠਾ
ਵੱਢ ਕੇ ਲੈ ਗਏ ਨੇ
ਬਚਦੇ ਸ਼ਾਹਾਂ, ਬੈਂਕਾਂ ਜੋਗੇ
ਰਹਿ ਗਏ ਨੇ

ਅਜੇ ਅੰਗੂਠੇ ਵੱਢੇ
ਜੀਭਾਂ ਵੱਢਣਗੇ
ਹੱਕ, ਸੱਚ, ਇਨਸਾਫ਼ ਨੂੰ
ਦੇਸੋਂ ਕੱਢਣਗੇ

ਇਹ ਜਰਵਾਣੀ ਰੁੱਤ ਦਾ
ਫਸਤਾ ਵੱਢ ਦੇਈਏ
ਇੰਝ ਅੰਗੂਠੇ ਦੇਣੇ
ਲਾਉਣੇ ਛੱਡ ਦੇਈਏ

ਯਕੋ ਤਕੀ ਨੂੰ ਛੱਡ ਕੇ
ਮੁੱਕੇ ਤਣ ਸੱਜਣਾ
ਵਿਰਸਾ ਮੁੰਡਾ, ਭਗਤ ਸਿੰਘ
ਤੂੰ ਬਣ ਸੱਜਣਾ

(ਝਾਕੀ: ਬਾਰ੍ਹਵੀਂ)
ਹਰ ਕੋਈ ਆਖੇ ਜ਼ਿੰਦਗੀ ਦੀ ਜੋ
ਉਲਝੀ ਜੋ ਤਾਣੀ
ਮੇਰੇ ਡੇਰੇ ਆ ਮਿੱਤਰਾ
ਤੂੰ ਜੇਕਰ ਸੁਲਝਾਣੀ

ਲੜਦਾ ਕਾਫ਼ਲਾ ਗਲ਼ੀ ਗਲ਼ੀ
ਇਹ ਦੇਂਦਾ ਏ ਹੋਕਾ
ਚੱਲ ਚੱਲੀਏ ਤਕਦੀਰਾਂ ਲਿਖੀਏ
ਆਪੇ ਵੇ ਲੋਕਾ!

ਮੇਲਾ ਆਖੇ, ਤੁਸੀਂ ਵੀ ਆਖੋ
ਜੈ ਵਿਗਿਆਨ ਦੀ ਹੋ
ਜੈ ਕਿਰਤ ਤੇ ਕਿਰਤੀ ਦੀ
ਤੇ ਜੈ ਇਨਸਾਨ ਦੀ ਹੋ

ਮੇਲੇ 'ਤੇ ਸਹੁੰ ਖਾ ਕੇ
ਚੱਲੀਏ ਦੱਸੀਏ ਲੋਕਾਂ ਨੂੰ
ਪਿੰਡੇ ਲੱਗੀਆਂ ਤੁਸੀਂ ਵਗਾਹ ਕੇ
ਮਾਰੋ ਜੋਕਾਂ ਨੂੰ
ਸੁਪਨੇ ਪੂਰੇ ਕਰਨੇ ਲੋਕੋ!
ਗ਼ਦਰੀ ਬਾਬਿਆਂ ਦੇ
ਆ ਜਾਓ! ਵਾਰਸ ਬਣ ਕੇ ਤੁਰੀਏ
ਭਗਤ-ਸਰਾਭਿਆਂ ਦੇ

ਉੱਠੋ! ਉੱਠੋ!!
ਜਾਗੋ! ਜਾਗੋ!!
ਮਾਰੋ ਖਿੱਚ ਸਲੂਟ ਪਿਆਰਿਓ
ਓ ਓ ਹੋ ਹੋ ਹੋ...
ਆ ਆ ਹਾਂ...
ਮਾਰੋ ਖਿੱਚ ਸਲੂਟ ਪਿਆਰਿਓ
ਗ਼ਦਰੀ ਝੰਡੇ ਨੂੰ
ਮੁਕਤੀ ਦੇ ਲਈ ਲੈ ਕੇ ਤੁਰੀਏ
ਗ਼ਦਰੀ ਝੰਡੇ ਨੂੰ
ਮੁਕਤੀ ਦੇ ਲਈ...
-0-

(ਸੂਤਰਧਾਰ ਦੇ ਬੋਲ)

ਕੁੱਲ ਦੁਨੀਆ ਲਈ

29-Oct-Sunday.qxd 10/28/2023 8:31 PM Page 2

ਇਤਿਹਾਸ ਦੀਆਂ ਪੈੜਾਂ

ਗ਼ਦਰ ਲਹਿਰ : ਪੰਜਾਬੀ ਨਾਬਰੀ ਦੀਆਂ ਭਵਿੱਖੀ ਲਹਿਰਾਂ ਲਈ ਪ੍ਰੇਰਕ

ਗੁਰਬਚਨ ਸਿੰਘ ਭੁੱਲਰ

ਅੰਗਰੇਜ਼ ਤੋਂ ਆਜ਼ਾਦੀ ਹਾਸਲ ਕਰਨ ਦੀ ਲੜਾਈ ਵਿਚ ਜਿੰਨੀਆਂ ਕੁਰਬਾਨੀਆਂ-ਫਾਂਸੀਆਂ, ਕਾਲੇਪਾਣੀਆਂ, ਕੈਦਾਂ, ਅੱਤਿਆਚਾਰਾਂ, ਕੁਰਕੀਆਂ ਵਗ਼ੈਰਾ ਦੀ ਸ਼ਕਲ ਵਿਚ-ਪੰਜਾਬੀਆਂ ਨੇ ਦਿੱਤੀਆਂ, ਓਨੀਆਂ ਗਿਣਤੀ ਦੇ ਹਿਸਾਬ ਹਿੰਦੁਸਤਾਨ ਦੀ ਹੋਰ ਕਿਸੇ ਕੌਮੀਅਤ ਨੇ ਨਹੀਂ ਦਿੱਤੀਆਂ। ਅਣਗਿਣਤ ਪੰਜਾਬੀ ਉਹਨਾਂ ਲਹਿਰਾਂ ਦਾ ਅੰਗ ਬਣੇ, ਜਿਨ੍ਹਾਂ ਵਿਚ ਮੌਤ ਸਾਹਮਣੇ ਖੜ੍ਹੀ ਦਿਸਦੀ ਸੀ। ਅਸਲ ਵਿਚ ਤਾਂ ਪਹਿਲਾਂ ਮਰਨ ਕਬੂਲ ਕਰਨਾ ਇਹਨਾਂ ਸਭਨਾਂ ਪੰਜਾਬੀ ਲਹਿਰਾਂ ਵਿਚ ਹੀ ਦਾਖ਼ਲੇ ਦੀ ਅਰਜ਼ੀ ਵਾਂਗ ਸੀ। ਇਹ ਜਜ਼ਬਾਤੀ ਹੋ ਕੇ ਆਖੀ ਗਈ ਗੱਲ ਨਹੀਂ, ਤੱਥ ਤੇ ਅੰਕੜੇ ਇਹਦੇ ਗਵਾਹ ਹਨ। ਇਕ ਮਿਸਾਲ ਵਜੋਂ, 1920 ਵਿਚ ਅੰਗਰੇਜ਼ਾਂ ਦੀ ਢਾਹੀ ਹੋਈ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਦੀ ਕੰਧ ਕੱਢਣ ਲਈ ਸਰਦੂਲ ਸਿੰਘ ਕਵੀਸ਼ਰ ਨੇ 'ਅਕਾਲੀ' ਅਖ਼ਬਾਰ ਰਾਹੀਂ ਸਿਰ ਉੱਤੇ ਕੱਫ਼ਨ ਬੰਨ੍ਹ ਕੇ ਆਉਣ ਵਾਲੇ ਸੌ ਬੰਦਿਆਂ ਦੀ ਮੰਗ ਕੀਤੀ, ਜਿਨ੍ਹਾਂ ਨੇ ਇਕ ਦਸੰਬਰ ਨੂੰ ਦਿੱਲੀ ਪਹੁੰਚਣਾ ਸੀ। ਇਹ ਮੰਗ ਪੜ੍ਹਦਿਆਂ ਹੀ ਚਿੱਟੇ ਕੱਫ਼ਨਾਂ ਵਾਲੇ ਮਰਜੀਵੜੇ ਪਹੁੰਚਣੇ ਸ਼ੁਰੂ ਹੋ ਗਏ। ਉਹਨਾਂ ਦੇ ਨਿਸਚੇ ਨੇ ਅਜਿਹੀ ਕਰਾਮਾਤ ਕਰ ਦਿਖਾਈ ਕਿ ਅੰਗਰੇਜ਼ਾਂ ਨੇ, ਜਿਨ੍ਹਾਂ ਨੇ ਕਿਸੇ ਅਰਜ਼ੀ, ਮਤੇ ਤੇ ਡੈਪੂਟੇਸ਼ਨ ਨੂੰ ਨਹੀਂ ਸੀ ਗੌਲ਼ਿਆ, ਇਕ ਦਸੰਬਰ ਤੋਂ ਪਹਿਲਾਂ ਕੰਧ ਹੀ ਨਾ ਕਢਵਾਈ, ਸਬੂਤ ਵਜੋਂ ਕੰਧ ਦੀਆਂ ਤਸਵੀਰਾਂ ਵੀ ਅਖ਼ਬਾਰਾਂ ਵਿਚ ਛਪਵਾ ਦਿੱਤੀਆਂ।

ਅਪਰੈਲ 1849 ਵਿਚ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਰਾਜ ਦਾ ਸੂਬਾ ਐਲਾਨ ਦਿੱਤਾ। ਓਦੋਂ ਤੋਂ ਲੈ ਕੇ ਅਗਸਤ 1947 ਵਿਚ ਉਹਨਾਂ ਦੇ ਨਿਕਾਲੇ ਤੱਕ ਦੇ ਲਗਭਗ ਇਕ ਸਦੀ ਦੇ ਸਮੇਂ ਵਿਚ ਪੰਜਾਬੀਆਂ ਨੇ ਕਦੀ ਵੀ ਦਿਲੋਂ-ਮਨੋਂ ਉਹਨਾਂ ਨੂੰ ਆਪਣੇ ਹਾਕਮ ਤੇ ਆਪਣੇ ਆਪ ਨੂੰ ਉਹਨਾਂ ਦੀ ਪਰਜਾ ਪਰਵਾਨ ਨਹੀਂ ਸੀ ਕੀਤਾ। ਅੰਗਰੇਜ਼-ਵਿਰੋਧ ਦੀ ਪੰਜਾਬੀ ਨਾਬਰੀ ਦੀਆਂ ਲੋਕ-ਲਹਿਰਾਂ ਸਮੁੰਦਰ ਦੀਆਂ ਲਹਿਰਾਂ ਵਾਂਗ, ਇਕ ਮਗਰੋਂ ਦੂਜੀ, ਲਗਾਤਾਰ ਉਠਦੀਆਂ ਰਹੀਆਂ। ਅਜੀਤ ਸਿੰਘ ਤੇ ਉਹਦੇ ਸਾਥੀਆਂ ਦੀ ਜੱਟ ਨੂੰ ਪਗੜੀ ਸੰਭਾਲਣ ਦਾ ਹਲੂਣਾ ਦੇਣ ਵਾਲੀ ਲਹਿਰ, ਗ਼ਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਤੇ ਬੱਬਰ ਅਕਾਲੀ ਲਹਿਰਾਂ, ਭਗਤ ਸਿੰਘ ਤੇ ਉਹਦੇ ਸਾਥੀ, ਕਿਰਤੀ-ਕਿਸਾਨ ਪਾਰਟੀ, ਕਮਿਊਨਿਸਟ ਪਾਰਟੀ, ਪਰਜਾ ਮੰਡਲ, ਆਦਿ ਸਭਨਾਂ ਵਿਚ ਸ਼ਾਮਲ ਲੋਕਾਂ ਨੇ ਸਿਰਾਂ ਉੱਤੇ ਕੱਫ਼ਨ ਹੀ ਬੰਨ੍ਹੇ ਹੋਏ ਸਨ। ਸਭ ਆਪਣਾ ਸਭ ਕੁਛ ਤਿਆਗ ਕੇ ਤੇ ਮਰਨਾ ਕਬੂਲ ਕਰ ਕੇ ਹੀ ਘਰੋਂ ਤੁਰੇ ਸਨ।

ਇਸ ਨਾਬਰੀ ਦਾ ਮੁੱਢ ਤਾਂ ਭਾਈ ਮਹਾਰਾਜ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਤੋਂ ਮਗਰੋਂ ਦੀ ਆਪਾਧਾਪੀ ਵਿਚ ਅੰਗਰੇਜ਼ਾਂ ਦੀ ਫੈਸਲਾਕੁਨ ਜਿੱਤ ਤੋਂ ਪਹਿਲਾਂ ਹੀ ਰੈਜ਼ੀਡੈਂਸੀ ਦੇ ਨਾਂਅ ਹੇਠ ਪੰਜਾਬ ਵਿਚ ਪੈਰ ਧਰ ਰਹੇ ਗੋਰੇ ਅਧਿਕਾਰੀਆਂ ਵਿਰੁੱਧ ਤੇ ਗ਼ੱਦਾਰੀ ਦੇ ਰਾਹ ਪਏ ਡੋਗਰਿਆਂ ਵਿਰੁੱਧ ਭਗੌਤੀ ਮਿਆਨ ਵਿਚੋਂ ਸੂਤ ਕੇ ਬੰਨ੍ਹ ਦਿੱਤਾ ਸੀ। ਸੀਮਤ ਇਲਾਕੇ ਵਿਚ ਤੇ ਸੀਮਤ ਸਾਥੀਆਂ ਨਾਲ ਉਹਨਾਂ ਦੀ ਪਾਈ ਵੱਡੀ ਵੰਗਾਰ ਦਾ ਪੰਜਾਬ ਵਿਚ ਜੜ੍ਹਾਂ ਜਮਾਉਣ ਦੇ ਆਹਰ ਵਿਚ ਜੁਟੇ ਹੋਏ ਅੰਗਰੇਜ਼ ਨੂੰ ਖ਼ਤਰਨਾਕ ਤੇ ਪੂਰਨੇ-ਪਾਊ ਲੱਗਣਾ ਕੁਦਰਤੀ ਸੀ। ਨਤੀਜਨ, ਅੰਗਰੇਜ਼ ਨੇ ਪੂਰੀ ਬੇਕਿਰਕੀ ਨਾਲ ਇਸ ਬਗ਼ਾਵਤ ਨੂੰ ਖ਼ਤਮ ਕਰ ਦਿੱਤਾ। ਭਾਈ ਸਾਹਿਬ ਦੀ ਬਗ਼ਾਵਤ ਭਾਵੇਂ ਸਫਲ ਨਾ ਹੋ ਸਕੀ ਪਰ ਉਹਨਾਂ ਦੀ ਦਲੇਰੀ ਤੇ ਨਿਰਭੈਤਾ ਪੰਜਾਬੀ ਨਾਬਰੀ ਦੇ ਇਤਿਹਾਸ ਦਾ ਅਮਿੱਟ ਸੁਨਹਿਰੀ ਪੰਨਾ ਬਣਗਈ।

ਨਾਬਰੀ ਦੀ ਭਾਵਨਾ ਨੂੰ ਵਧੇਰੇ ਵਿਸ਼ਾਲ ਜਨਤਕ ਰੂਪ ਵਿਚ ਉਭਾਰਨ ਲਈ ਬਾਬਾ ਰਾਮ ਸਿੰਘ ਨੇ ਭੈਣੀ ਸਾਹਿਬ ਵਿਚ 12 ਅਪਰੈਲ 1857 ਨੂੰ ਨਾਮਧਾਰੀ ਪੰਥ ਦੀ ਬੁਨਿਆਦ ਰੱਖੀ। ਇਹ ਆਜ਼ਾਦੀ ਦੀ ਪਹਿਲੀ ਲੜਾਈ ਵਜੋਂ ਚੇਤੇ ਕੀਤੇ ਜਾਂਦੇ 1857 ਦੇ ਗ਼ਦਰ ਦੀ ਸ਼ੁਰੂਆਤ ਤੋਂ ਇਕ ਮਹੀਨਾ ਪਹਿਲਾਂ ਦੀ ਗੱਲ ਹੈ। ਉਹਨਾਂ ਦੇ ਦਿਲੋਂ ਉੱਠੀ ਪੰਜਾਬੀਅਤ ਦੀ ਹੂਕ ਅਤੇ ਪੰਜਾਬੀਆਂ ਦੀ ਨਾਬਰੀ ਨੂੰ ਦਿੱਤੀ ਝੰਜੋੜਵੀਂ ਆਵਾਜ਼ ਵਿਚ ਅਜਿਹਾ ਜਾਦੂਈ ਅਸਰ ਸੀ ਕਿ ਆਵਾਜਾਈ ਤੇ ਸੰਦੇਸ਼-ਪੁਚਾਈ ਦੇ ਉਸ ਸਾਧਨ-ਹੀਣ ਜ਼ਮਾਨੇ ਵਿਚ ਵੀ ਉਹ ਦੂਰ-ਦੂਰ ਦੇ ਪਿੰਡਾਂ-ਨਗਰਾਂ ਤੱਕ ਜਾ ਪਹੁੰਚੀ। ਪਹਿਲਾਂ ਦੀਆਂ ਅਨੇਕ ਫਾਂਸੀਆਂ ਤੋਂ ਇਲਾਵਾ 1872 ਵਿਚ ਮਲੇਰਕੋਟਲੇ ਵਿਚ ਇਕ ਬਿਲਕੁਲ ਹੀ ਮਾਮੂਲੀ ਘਟਨਾ ਦੇ ਬਹਾਨੇ 66 ਨਾਮਧਾਰੀ ਕਿਸੇ ਅਦਾਲਤੀ ਪਖੰਡ ਤੋਂ ਵੀ ਬਿਨਾਂ ਹੀ ਤੋਪਾਂ ਨਾਲ ਉਡਾਏ ਗਏ ਅਤੇ ਬਾਬਾ ਰਾਮ ਸਿੰਘ, ਉਹਨਾਂ ਦੇ ਸੂਬੇ ਤੇ ਹੋਰ ਮੋਹਰੀ ਨਾਮਧਾਰੀ ਦੂਰ-ਦੁਰੇਡੀਆਂ ਥਾਂਵਾਂ ਉੱਤੇ ਭੇਜ ਕੇ ਪੰਜਾਬ ਨਾਲੋਂ ਤੋੜ-ਵਿਛੋੜ ਦਿੱਤੇ ਗਏ।

ਇਸ ਅੱਤਿਆਚਾਰੀ ਦਹਿਸ਼ਤ ਦੇ ਕੁਛ ਸਾਲਾਂ ਦੇ ਹੁੰਮਸ ਵਿਚੋਂ ਪੰਜਾਬ ਫੇਰ ਉੱਭਰਿਆ ਤੇ ਇਸ ਵਾਰ ਕੋਈ ਜ਼ੁਲਮ ਉਹਦੇ ਰੋਹ ਦੀਆਂ ਕਾਂਗਾਂ ਨੂੰ ਠੱਲ੍ਹ ਪਾਉਣ ਵਿਚ ਸਫਲ ਨਾ ਹੋਇਆ। ਇਹਨਾਂ ਲਹਿਰਾਂ ਵਿਚ ਦਸ-ਵੀਹ ਜਾਂ ਸੌ-ਦੋ ਸੌ ਨਹੀਂ ਸਗੋਂ ਹਜ਼ਾਰਾਂ ਸੂਰਮਿਆਂ ਦੇ ਕਾਰਨਾਮੇ ਅਜਿਹੇ ਹਨ ਕਿ ਇਕ-ਇਕ ਦੀ ਕਰਨੀ ਜਾਣ ਕੇ ਬੰਦਾ ਹੈਰਾਨ ਰਹਿ ਜਾਂਦਾ ਹੈ। ਕਿੰਨਾ ਚੰਗਾ ਹੋਵੇ ਜੇ ਪੰਜਾਬ ਦੀ ਕੋਈ ਸੰਸਥਾ ਇਹਨਾਂ ਲਾਸਾਨੀ ਮਨੁੱਖਾਂ ਦੀਆਂ ਯਾਦਾਂ ਸਮੇਂ ਦੀ ਧੁੰਦ ਵਿਚ ਗੁਆਚ ਜਾਣ ਤੋਂ ਪਹਿਲਾਂ-ਪਹਿਲਾਂ ਇਹਨਾਂ ਦੀਆਂ ਜੀਵਨੀਆਂ ਲਿਖਣ-ਲਿਖਾਉਣ ਦਾ ਕੰਮ ਹੱਥ ਲੈ ਲਵੇ ਜੋ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਪ੍ਰੇਰਨਾ ਦਾ ਅਖੁੱਟ ਸੋਮਾ ਬਣੀਆਂ ਰਹਿਣ।

ਜਦੋਂ ਕਦੀ ਇਹਨਾਂ ਲੋਕ-ਲਹਿਰਾਂ ਬਾਰੇ ਕੁਛ ਲਿਖਣ-ਪੜ੍ਹਨ ਦਾ ਸਬੱਬ ਬਣਦਾ, ਚੇਤੇ ਵਿਚ



ਕਿੰਨੇ ਹੀ ਅਜਿਹੇ ਨਾਂਅ ਸੱਜਰੇ ਹੋ ਜਾਂਦੇ ਜਿਨ੍ਹਾਂ ਨਾਲ ਨੇੜਤਾ ਦਾ ਸੁਭਾਗ ਬਣਿਆ। ਮਨ ਉਹਨਾਂ ਬਾਰੇ ਲਿਖਣ ਨੂੰ ਤਾਂਘਦਾ। ਮੈਂ ਬਹੁਤ ਸਾਰੇ ਸਾਹਿਤਕਾਰ ਮਿੱਤਰਾਂ ਦੇ ਸ਼ਬਦ-ਚਿੱਤਰ ਲਿਖੇ ਹਨ। ਉਹ ਲਿਖਦਿਆਂ ਵੀ ਮਨ ਵਿਚ ਆਉਂਦਾ ਕਿ ਉਹਨਾਂ ਆਗੂਆਂ ਦੀਆਂ ਬਹੁਪੱਖੀ ਕਰਨੀਆਂ ਨੂੰ ਪੇਸ਼ ਕਰਨ ਵਾਲੀਆਂ ਬਹੁਤ ਖੋਜ ਤੇ ਅਧਿਅਨ ਲੋੜਦੀਆਂ ਵੱਖਰੀਆਂ-ਵੱਖਰੀਆਂ ਜੀਵਨੀਆਂ ਲਿਖਣੀਆਂ ਸੰਭਵ ਨਾ ਹੋਣ ਕਾਰਨ ਉਹਨਾਂ ਦੇ ਲੰਮੇ ਸ਼ਬਦ-ਚਿੱਤਰ ਹੀ ਲਿਖ ਦੇਵਾਂ। ਆਖ਼ਰ ਮੈਂ ਪੰਜ ਨਾਂਵਾਂ ਉੱਤੇ ਅਟਕ ਗਿਆ ਜੋ ਸੰਗਰਾਮੀਏ ਵੀ ਵੱਡੇ ਸਨ, ਜਿਨ੍ਹਾਂ ਦਾ ਸ਼ਬਦ ਨਾਲ ਵੀ ਨਾਤਾ ਸੀ ਤੇ ਜਿਨ੍ਹਾਂ ਨਾਲ ਮੇਰੀ ਨੇੜਤਾ ਵੀ ਰਹੀ ਸੀ। ਇਉਂ ਪੁਸਤਕ 'ਸ਼ਬਦ ਵੀ, ਸੰਗਰਾਮ ਵੀ' ਹੋਂਦ ਵਿਚ ਆਈ।

ਇਹਨਾਂ ਵਿਚੋਂ ਗ਼ਦਰ ਪਾਰਟੀ ਦੇ ਮੋਢੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਜਿਨ੍ਹਾਂ ਨੂੰ ਮੈਂ 'ਤੀਰਥ ਵਰਗਾ ਮਨੁੱਖ' ਲਿਖਿਆ ਹੈ, ਨਾਲ 'ਨੇੜਤਾ' ਦੀ ਕਹਾਣੀ ਕੁਛ ਅਨੋਖੀ ਹੈ। ਮੈਂ ਉਹਨਾਂ ਬਾਰੇ ਪੜ੍ਹਿਆ-ਸੁਣਿਆ ਬਹੁਤ ਸੀ ਪਰ ਉਹਨਾਂ ਦੇ ਦਰਸ਼ਨ ਕਰਨ ਤੇ ਚਰਨ ਛੋਹਣ ਦਾ ਮੌਕਾ ਕਦੀ ਨਹੀਂ ਸੀ ਬਣਿਆ। ਜਦੋਂ ਅਮਰੀਕਾ ਜਾਣ ਦਾ ਸਬੱਬ ਬਣਿਆ, ਉਥੇ ਕਵੀ-ਗਾਇਕ ਪਸ਼ੌਰਾ ਸਿੰਘ ਢਿੱਲੋਂ ਨਾਲ ਮੁਲਾਕਾਤ ਹੋਈ ਜੋ ਜਸਬੀਰ ਭੁੱਲਰ ਦਾ ਭਣੋਈਆ ਹੋਣ ਸਦਕਾ ਮੇਰੇ ਲਈ ਬਿਨ-ਮਿਲਿਆਂ ਹੀ ਨੇੜੇ ਸੀ। ਬਾਬਾ ਭਕਨਾ ਦੀ ਜੀਵਨ-ਸਾਥਣ, ਬੇਬੇ ਬਿਸ਼ਨ ਕੌਰ ਉਹਨਾਂ ਦੇ ਦਾਦਾ ਜੀ ਦੀ ਭੈਣ ਸੀ। ਇਸ ਰਿਸ਼ਤੇ ਕਰਕੇ ਉਹਨਾਂ ਦਾ ਮੁੱਢਲੀ ਸਕੂਲੀ ਪੜ੍ਹਾਈ ਦਾ ਸਮਾਂ ਭਕਨੇ ਹੀ ਬੀਤਿਆ ਸੀ। ਸਾਡੀਆਂ ਗੱਲਾਂ ਦਾ ਇਕ ਮੁੱਖ ਵਿਸ਼ਾ ਬਾਬਾ ਭਕਨਾ ਹੁੰਦੇ। ਪਸ਼ੌਰਾ ਸਿੰਘ ਤੋਂ ਉਹਨਾਂ ਬਾਰੇ ਉਹ ਜਾਣਕਾਰੀ ਮਿਲਦੀ ਜੋ ਕਿਸੇ ਕਿਤਾਬ ਵਿਚੋਂ ਮਿਲਣੀ ਸੰਭਵ ਨਹੀਂ ਸੀ। ਸਿੱਟਾ ਇਹ ਹੋਇਆ ਕਿ ਜਦੋਂ ਮੈਂ ਇਸ ਪੁਸਤਕ ਲਈ ਆਪਣੀ ਨੇੜਤਾ ਵਾਲੇ ਸਿਖਰੀ ਬੰਦਿਆਂ ਦੇ ਨਾਂਅ ਚੁਣਨ ਲੱਗਿਆ, ਬਾਬਾ ਭਕਨਾ ਮੇਰੇ ਸਭ ਤੋਂ ਨੇੜੇ ਬੈਠੇ ਸਨ। ਸੋਹਨ ਸਿੰਘ ਜੋਸ਼, ਤੇਜਾ ਸਿੰਘ ਸੁਤੰਤਰ, ਮਿਲਖਾ ਸਿੰਘ ਨਿੱਝਰ ਤੇ ਹਰਕਿਸ਼ਨ ਸਿੰਘ ਸੁਰਜੀਤ ਨਾਲ ਨੇੜਤਾ ਮੇਰੀ ਖ਼ੁਸ਼ਕਿਸਮਤੀ ਰਹੀ। ਸੁਤੰਤਰ ਜੀ ਤਾਂ ਗ਼ਦਰ ਪਾਰਟੀ ਵਿਚ ਸਰਗਰਮ ਰਹੇ ਹੀ, ਬਾਕੀ ਤਿੰਨੇ ਸੰਗਰਾਮੀਏ ਵੀ ਉਹਨਾਂ ਲਹਿਰਾਂ ਦੇ ਅੰਗ ਤੇ ਆਗੂ ਰਹੇ, ਗ਼ਦਰ ਲਹਿਰ ਜਿਨ੍ਹਾਂ ਲਈ ਵੱਡੀ ਪ੍ਰੇਰਨਾ ਸੀ।

ਇਹਨਾਂ ਪੰਜਾਂ ਦੇ ਵਡ-ਆਕਾਰੀ ਸੰਗਰਾਮੀ ਜੀਵਨ ਉੱਤੇ ਪੰਛੀ-ਝਾਤ ਪਾਉਣੀ ਹੀ ਸੰਭਵ ਤੇ ਮੁਨਾਸਿਬ ਸੀ। ਬਾਕੀ ਕੁਛ ਵੇਰਵਾ ਉਹਨਾਂ ਨਾਲ ਆਪਣੇ ਵਾਹ ਰਾਹੀਂ ਦੇਖੀ-ਜਾਣੀ ਉਹਨਾਂ ਦੀ ਸ਼ਖ਼ਸੀਅਤ ਦਾ ਹੈ। ਇਸ ਵੇਰਵੇ ਵਿਚੋਂ ਪਾਠਕ ਨੂੰ, ਸ਼ਾਇਦ, ਉਹਨਾਂ ਦੇ ਸੁਭਾਅ ਦੀਆਂ ਕਈ ਗੱਲਾਂ ਅਜਿਹੀਆਂ ਵੀ ਮਿਲਣਗੀਆਂ ਜੋ ਉਹਦੇ ਲਈ ਨਵੀਆਂ ਹੋਣਗੀਆਂ। ਪੁਸਤਕ ਦੇ ਕੁਛ ਵੇਰਵਿਆਂ ਵਿਚੋਂ ਸਿਆਣੇ ਪਾਠਕ ਸਾਹਮਣੇ ਇਹ ਤੱਥ ਵੀ ਆਪਣੇ ਆਪ ਉਜਾਗਰ ਹੋ ਜਾਂਦਾ ਹੈ ਕਿ ਮਗਰੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਉਹਨਾਂ ਦੀਆਂ ਪੈੜਾਂ ਉੱਤੇ ਤੁਰਨ ਦਾ ਦਮ ਭਰਨ ਵਾਲੇ ਕੁਛ ਬੰਦਿਆਂ ਵਿਚ ਵੀ ਮਾਨਵੀ ਤੇ ਸਿਧਾਂਤਕ ਕਦਰਾਂ-ਕੀਮਤਾਂ ਪਤਲੀਆਂ ਪੈਣ ਲੱਗ ਪਈਆਂ। ਦੇਸ ਵਿਚ ਲੋਕ-ਹਿਤੈਸ਼ੀ, ਖਾਸ ਕਰ ਕੇ ਖੱਬੀਆਂ ਤਾਕਤਾਂ ਦੇ ਨਿਤਾਕਤੀਆਂ ਹੋ ਜਾਣ ਦਾ ਇਕ ਕਾਰਨ ਇਹ ਵੀ ਹੈ।

ਬਾਬਾ ਸੋਹਣ ਸਿੰਘ ਭਕਨਾ ਦਾ ਲੋਹੇ ਤੋਂ ਪਾਰਸ ਬਣਨਾ ਤੇ ਆਪਣੀ ਛੂਹ ਨਾਲ ਅਨੇਕਾਂ ਨੂੰ ਕੁੰਦਨ ਬਣਾਉਣਾ, ਸੋਹਨ ਸਿੰਘ ਜੋਸ਼ ਦਾ ਰਕਾਬਗੰਜ ਦੀ ਕੰਧ ਵਾਲੇ ਕੱਫ਼ਨ-ਬੰਨ੍ਹ ਸੈਂਕੜੇ ਵਿਚ ਸ਼ਾਮਲ ਹੋ ਕੇ ਫੇਰ ਹਰ ਲਹਿਰ ਦੇ ਮੋਹਰੀਆਂ ਵਿਚ ਹੋਣਾ, ਤੇਜਾ ਸਿੰਘ ਸੁਤੰਤਰ ਦਾ ਇਨਕਲਾਬੀਆਂ ਵਿਚ ਤਾਲਮੇਲ ਲਈ ਅਨੇਕ ਦੇਸਾਂ ਵਿਚ ਪਹੁੰਚਣਾ ਅਤੇ ਆਜ਼ਾਦੀ ਮਗਰੋਂ ਇਕ ਲੱਖ ਦਾ ਇਨਾਮੀ ਰੂਪੋਸ਼ ਹੁੰਦਿਆਂ ਲੁਕ-ਛਿਪ ਕੇ ਪੰਦਰਾਂ ਸਾਲ ਗੁਜ਼ਾਰਨ ਦੀ ਥਾਂ ਸਾਡੇ ਇਲਾਕੇ ਦੇ ਮੁਜਾਰਿਆਂ ਦੇ ਜਗੀਰਦਾਰ-ਵਿਰੋਧੀ ਗੁਰੀਲਾ ਯੁੱਧ ਦੀ ਅਗਵਾਈ ਕਰਨਾ, ਮਿਲਖਾ ਸਿੰਘ ਨਿੱਝਰ ਦਾ ਪੰਦਰਾਂ ਸਾਲ ਦੀ ਉਮਰ ਵਿਚ ਮੌਤ ਦਾ ਮੂੰਹ ਬਣੇ ਹੋਏ ਗੁਰੂ ਕਾ ਬਾਗ਼ ਦੇ ਮੋਰਚੇ ਵਿਚ ਜਥੇਦਾਰ ਤੇ ਹੋਰ ਸਭਨਾਂ ਦੇ ਰੋਕਦਿਆਂ ਮੱਲੋਜ਼ੋਰੀ ਭੱਜ ਕੇ ਦਸਾਂ ਦੇ ਜਥੇ ਦਾ ਗਿਆਰਵਾਂ ਯੋਧਾ ਬਣ ਜਾਣਾ ਅਤੇ ਭਗਤ ਸਿੰਘ ਦੀ ਪਹਿਲੀ ਬਰਸੀ ਨੂੰ ਐਲਾਨ ਅਨੁਸਾਰ ਹੁਸ਼ਿਆਰਪੁਰ ਦੀ ਜ਼ਿਲ੍ਹਾ ਕਚਹਿਰੀ ਉੱਤੇ ਤਿਰੰਗਾ ਝੁਲਾਉਣ ਵਾਲੇ ਲਈ ਗੋਲ਼ੀ ਦਾ ਹੁਕਮ ਹੋ ਗਿਆ ਹੋਣ ਕਾਰਨ ਕਿਸੇ ਨੂੰ ਅੱਗੇ ਨਾ ਆਇਆ ਦੇਖ ਹਰਕਿਸ਼ਨ ਸਿੰਘ ਸੁਰਜੀਤ ਦਾ ਸੋਲ਼ਾਂ ਸਾਲ ਦੀ ਉਮਰ ਵਿਚ ਦੋ ਗੋਲ਼ੀਆਂ ਨੂੰ ਘਚਾਨੀ ਦੇ ਕੇ ਝੰਡਾ ਕਚਹਿਰੀ ਦੇ ਸਿਖਰ ਜਾ ਝੁਲਾਉਣਾ-ਇਹ ਉਹਨਾਂ ਦੇ ਜੀਵਨ ਦੀਆਂ ਇਕਹਿਰੀਆਂ ਝਲਕਾਂ ਹਨ। ਲੋਕਾਂ ਲੇਖੇ ਲਾਏ ਸਾਰੇ ਜੀਵਨ ਵਿਚ ਉਹਨਾਂ ਨੇ ਕੀ-ਕੁਛ ਕਰ ਦਿਖਾਇਆ, ਉਹਦੀ ਕਲਪਨਾ ਕਰਨੀ ਵੀ ਸਾਧਾਰਨ ਬੰਦੇ ਲਈ ਔਖੀ ਹੈ।

ਇਸ ਸੰਗਰਾਮੀ ਪੱਖ ਦੇ ਨਾਲ-ਨਾਲ ਬਾਬਾ ਭਕਨਾ ਨੇ ਸੱਚ ਸੁਣਾਉਂਦੀ ਸਵੈਜੀਵਨੀ ਵੀ ਲਿਖੀ ਤੇ ਕਈ ਸਮਕਾਲੀ ਮੁੱਦਿਆਂ ਬਾਰੇ ਆਪਣੇ ਵਿਚਾਰ ਵੀ ਲਿਖੇ, ਜੋਸ਼ ਜੀ ਨੇ ਸਾਹਿਤ ਵੀ ਰਚਿਆ, ਵਡਮੁੱਲਾ ਇਤਿਹਾਸ ਵੀ ਲਿਖਿਆ ਤੇ ਅਨੇਕ ਅਖ਼ਬਾਰਾਂ-ਰਸਾਲਿਆਂ ਦਾ ਸੰਪਾਦਨ ਵੀ ਕੀਤਾ, ਸੁਤੰਤਰ ਜੀ ਨੇ ਮਾਰਕਸੀ ਨਜ਼ਰੀਏ ਤੋਂ ਅਨੇਕ ਕਿਤਾਬਚੇ ਤੇ ਲੇਖ ਲਿਖੇ ਤੇ ਅਨੁਵਾਦੇ, ਮਿਲਖਾ ਸਿੰਘ ਨਿੱਝਰ ਨੇ ਬੱਬਰ ਅਕਾਲੀ ਲਹਿਰ ਦਾ ਵਡ-ਆਕਾਰੀ ਇਤਿਹਾਸ ਲਿਖਿਆ ਅਤੇ ਸੁਰਜੀਤ ਜੀ ਨੇ ਮਾਰਕਸੀ ਸਿਧਾਂਤ ਬਾਰੇ ਤੇ ਮਾਰਕਸੀ ਨਜ਼ਰੀਏ ਤੋਂ ਸਮਕਾਲੀ ਹਾਲਾਤ ਬਾਰੇ ਵੱਡੀ ਗਿਣਤੀ ਵਿਚ ਕਿਤਾਬਾਂ, ਕਿਤਾਬਚੇ ਤੇ ਲੇਖ ਲਿਖੇ।

ਅਜਿਹੇ ਮਹਾਂਪੁਰਸ਼ਾਂ ਬਾਰੇ, ਜਿਨ੍ਹਾਂ ਦਾ ਨਾਂਅ ਲਿਆਂ ਮਨ ਸੁਤੇ-ਸਿਧ ਹੀ ਸਤਿਕਾਰ ਵਿਚ ਨਿਉਂ ਜਾਂਦਾ ਹੈ, ਪੁਸਤਕ 'ਸ਼ਬਦ ਵੀ, ਸੰਗਰਾਮ ਵੀ' ਲਿਖ ਕੇ ਮੈਨੂੰ ਬਹੁਤ ਤਸੱਲੀ ਮਹਿਸੂਸ ਹੋਈ ਹੈ। (ਪੁਸਤਕ ਪੀਪਲਜ਼ ਫ਼ੋਰਮ, ਬਰਗਾੜੀ ਨੇ ਪ੍ਰਕਾਸ਼ਿਤ ਕੀਤੀ ਹੈ।)

ਸੰਪਰਕ: 80763 63058

ਕਦੇ ਮੰਗਿਆਂ ਮਿਲਣ ਆਜ਼ਾਦੀਆਂ ਨਾ, ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ

ਕੇਸਰ

ਗ਼ਦਰ ਦਾ ਅਰਥ ਹੈ-ਇਨਕਲਾਬ। ਗ਼ਦਰ ਪਾਰਟੀ ਨਾਲ ਸੰਬੰਧਤ ਲੋਕਾਂ ਨੇ ਗ਼ਦਰ ਲਫ਼ਜ਼ ਇਨਕਲਾਬ ਵਾਸਤੇ ਵਰਤਿਆ ਹੈ। ਅਮਰੀਕਾ ਅਤੇ ਕੈਨੇਡਾ ਵਿੱਚ ਚਲਦੀ ਲਹਿਰ ਨੇ ਬੜੇ ਕਰਵਟ ਬਦਲੇ। ਵੱਖ-ਵੱਖ ਮੁਲਕਾਂ ਅੰਦਰ ਚਲਦੇ ਪਰਵਾਸੀਆਂ ਦੇ ਸੰਘਰਸ਼ਾਂ ਨੂੰ ਲੜੀਬੱਧ ਕਰਨ ਅਤੇ ਇੱਕ ਸੁਰ ਸੇਧ ਦੇਣ ਲਈ ਅਖ਼ਬਾਰ ਦੀ ਤੀਬਰ ਲੋੜ ਮਹਿਸੂਸ ਹੋ ਰਹੀ ਸੀ।

ਖਿਲਰੀ ਹੋਈ ਸੰਘਰਸ਼ਸ਼ੀਲ ਤਾਕਤ ਨੂੰ ਇਕੱਠਾ ਕਰਨ ਲਈ ਲਾਲਾ ਹਰਦਿਆਲ ਦੀ ਅਗਵਾਈ 'ਚ ਬੁੱਧੀਜੀਵੀ